Digitized by Arya Samaj Foundation Chennai and eGangotri

ਭਾਈ ਗੁਰਦਾਸ

ਜੀਵਨ, ਚਿੰਤਨ ਤੇ ਕਲਾ

ਹਰਨੇਕ ਸਿੰਘ ਕੋਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

D 300

DONATION

Forwarded free of Cost, and with the
Compliments of Deptt of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਗੁਰਦਾਸ
ਜੀਵਨ, ਚਿੰਤਨ ਤੇ ਕਲਾ

DONATION
8300
DONATION
पुस्तकालय
पुस्तकालय
गुरुकुल कांगड़ी विश्वविद्यालय
Compliments of Dept. of Education Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਰਚਨਾਵਾਂ

- ਕਵਿਤਾ
  - ਖਾਲੀ ਘਰ
  - ਪੱਥਰਾਂ ਦੀ ਬਾਰਿਸ਼
- ਆਲੋਚਨਾ
  - ਸੁਨੇਹੜੇ — ਇਕ ਅਧਿਐਨ
- ਪੰਜਾਬੀ ਅਧਿਆਪਨ
  - ਪੰਜਾਬੀ ਪੜ੍ਹਾਉਣ ਦੀਆਂ ਸਮੱਸਿਆਵਾਂ
- ਸੰਪਾਦਨ
  - ਰੰਗ ਦਰਿਆਵਾਂ ਦੇ
- ਬਾਲ-ਸਾਹਿੱਤ
  - ਪੰਮੀ ਦਾ ਮੋਤੀ
  - ਸੂਹੇ ਫੁੱਲਾਂ ਦੀ ਸੁਗੰਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਗੁਰਦਾਸ

ਜੀਵਨ, ਚਿੰਤਨ ਤੇ ਕਲਾ

पुस्तकालय
पुस्तकालय
गुरुकुल कांगड़ी विश्वविद्यालय

ਹਰਨੇਕ ਸਿੰਘ ਕੋਮਲ
ਪੀਐਚ. ਡੀ.

Forwarded ... Cost, and with the Compliments ... Dept. of Education, Govt. of India, New Delhi.

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ
ਲੁਧਿਆਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

BHAI GURDAS : Jiwan, Chintan te Kala
by
Dr. Harnek Singh Komal

1992

ਮੁੱਲ : 80 ਰੁਪਏ

ਪ੍ਰਾਪਤੀ ਸਥਾਨ
ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ

345-ਏ, ਮਾਡਲ ਟਾਊਨ ਐਕਸ.
ਲੁਧਿਆਣਾ

42, ਗੁਰੂ ਤੇਗ਼ ਬਹਾਦਰ ਨਗਰ
ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ੈ-ਸੂਚੀ

1. ਜੀਵਨ 9–36

(ੳ) 'ਜਨਮ ਤੇ ਵੰਸ' : ਜਨਮ ਤਿੱਥੀ, ਜਨਮ ਅਸਥਾਨ, ਪਰਿਵਾਰਕ ਪਿਛੋਕੜ;

(ਅ) 'ਗੁਰਦਾਸ ਅਮਰਦਾਸ ਜੀ ਦੀ ਗੁਰਿਆਈ ਦਾ ਸਮਾਂ' : ਵਿਦਿਆ ਪ੍ਰਾਪਤੀ, ਭਵਨ ਉਸਾਰੀ ਦੇ ਕਾਰਜਾਂ ਵਿਚ ਯੋਗਦਾਨ, ਧਰਮ ਪ੍ਰਚਾਰ;

(ੲ) 'ਗੁਰੂ ਰਾਮਦਾਸ ਜੀ ਦੀ ਗੁਰਿਆਈ ਦਾ ਸਮਾਂ' : ਗੁਰਸਿੱਖੀ ਧਾਰਨ ਬਾਰੇ ਸ਼ੰਕਾ, ਗੁਰਮਤਿ ਪ੍ਰਚਾਰ, ਗੁਰੂ ਚੱਕ ਦੇ ਵਸਾਉਣ ਵਿਚ ਸੇਵਾ, ਅਕਬਰ ਦੇ ਦਰਬਾਰ ਵਿਚ ਧਾਰਮਿਕ ਪ੍ਰਤਿਨਿਧਤਾ, ਸਿੱਖੀ ਸਿਦਕ ਦੀ ਭਾਵਨਾ ਦਾ ਪ੍ਰਦਰਸ਼ਨ;

(ਸ) 'ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦਾ ਸਮਾਂ' : ਪ੍ਰਿਥੀ ਚੰਦ ਦਾ ਵਿਰੋਧ, ਦਸਵੰਧ ਦੀ ਪਿਰਤ, ਵਹਿਮੀ ਪੰਡਿਤ ਦੀ ਕਥਾ, ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਦੀ ਸੇਵਾ, ਧਰਮ ਪ੍ਰਚਾਰ ਤੇ ਯਾਤ੍ਰਾ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ;

(ਹ) 'ਗੁਰੂ ਹਰਿਗੋਬਿੰਦ ਜੀ ਦੀ ਗੁਰਿਆਈ ਦਾ ਸਮਾਂ' : ਸ਼ਸਤ੍ਰ ਪ੍ਰਸਿਖਿਆ ਵਿਚ ਯੋਗਦਾਨ, ਗੁਰੂ ਹਰਿਗੋਬਿੰਦ ਜੀ ਦੇ ਬੰਦੀ ਜੀਵਨ ਸਮੇਂ ਪ੍ਰਬੰਧ, ਮਿਹਰਬਾਨ ਨੂੰ ਸਮਝਾਉਣ ਵਿਚ ਯਤਨ, ਗੁਰੂ ਹਰਿਗੋਬਿੰਦ ਜੀ ਦੀ ਯਾਤ੍ਰਾ ਸਮੇਂ ਸੇਵਾ ਤੇ ਪ੍ਰਬੰਧ, ਸ੍ਰੀ ਹਰਿਗੋਬਿੰਦਪੁਰ ਵਿਚ ਨਿਵਾਸ, ਕਾਬਲ ਜਾਣ ਦੀ ਘਟਨਾ;

(ਕ) 'ਅਕਾਲ ਚਲਾਣਾ' : ਅੰਤਿਮ ਸਮਾਂ, ਦੇਹਾਂਤ ਦੀ ਤਿੱਥੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸ਼ਖ਼ਸੀਅਤ 37–41

(ੳ) 'ਸਰੀਰਕ ਦੱਖ';
(ਅ) 'ਸ਼ੁੱਧ ਤੇ ਸੁੰਦਰ ਲਿਖਤ';
(ੲ) 'ਵਿਸ਼ਾਲ ਜੀਵਨ ਅਨੁਭਵ';
(ਸ) 'ਭਾਸ਼ਾ ਵਿਸ਼ੇਸ਼ੱਗ';
(ਹ) 'ਤੀਖਣ ਯਾਦ ਤੇ ਗ੍ਰਹਿਣ ਸ਼ਕਤੀ';
(ਕ) 'ਸੰਗੀਤ ਪ੍ਰੇਮ';
(ਖ) 'ਕਾਵਿਮਈ ਨੁਹਾਰ';
(ਗ) 'ਭਾਵਕਤਾ' ।

3. ਕਾਵਿ ਰਚਨਾ 42–50

(ੳ) ਸੰਸਕ੍ਰਿਤ ਸ਼ਲੋਕ;
(ਅ) 'ਕਬਿੱਤ-ਸਵੱਯੇ' : ਰਚਨਾ ਦਾ ਸਮਾਂ ਤੇ ਸਥਾਨ, ਕਬਿੱਤ-ਸਵੱਯਾਂ ਦਾ ਵਿਸ਼ਾ;
(ੲ) 'ਵਾਰਾਂ' : ਚਾਲ੍ਹੀਵੀਂ ਵਾਰ, ਇਕਤਾਲਵੀਂ ਵਾਰ, ਵਾਰਾਂ ਦੀ ਰਚਨਾਂ ਦਾ ਸਮਾਂ ।

4. ਚਿੰਤਨ 51–64

(ੳ) 'ਗੁਰਮਤਿ ਦਾ ਅਨੁਭਵ ਤੇ ਵਿਆਖਿਆ';
(ਅ) 'ਵਾਰਾਂ ਦਾ ਇਤਿਹਾਸਕ ਮਹੱਤਵ';
(ੲ) 'ਰਾਜਸੀ ਭਾਵਨਾ';
(ਸ) 'ਸਮਾਜਿਕ ਵਿਵੇਚਨ' : ਸਮਾਜਿਕ ਸਥਿਤੀ ਦਾ ਚਿਤ੍ਰਣ, ਸਮਾਜਿਕ ਸੰਕਲਪ ।

5. ਕਾਵਿ-ਕਲਾ 65–78

(ੳ) 'ਵਾਰ-ਰਚਨਾ ਦੀ ਨਿਪੁੰਨਤਾ',
(ਅ) 'ਛੰਦ-ਪ੍ਰਬੰਧ';
(ੲ) 'ਭਾਸ਼ਾ ਕੁਸ਼ਲਤਾ';
(ਸ) 'ਰਸ ਸੰਚਾਰ' : ਸ਼ਿੰਗਾਰ ਰਸ, ਸ਼ਾਂਤ ਰਸ;
(ਹ) 'ਅਲੰਕਾਰ ਯੋਜਨਾ' : ਅਨੁਪ੍ਰਾਸ, ਉਪਮਾ, ਰੂਪਕ, ਦ੍ਰਿਸ਼ਟਾਂਤ;
(ਕ) 'ਬਿੰਬ ਵਿਧਾਨ' ।

6. ਨਿਸ਼ਕਰਸ਼ 79–82

– ਕਾਵਿ-ਵੰਨਗੀ 83–95

– ਪੁਸਤਕ-ਸੂਚੀ 96–100

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਨ

ਭਾਈ ਗੁਰਦਾਸ ਗੁਰੂ-ਘਰ ਦੇ ਪਿਆਰੇ ਤੇ ਸਤਿਕਾਰੇ ਜਾਂਦੇ ਆਦਰਸ਼ ਗੁਰਸਿੱਖ ਅਤੇ ਪੰਜਾਬੀ ਦੇ ਸ਼ਿਰੋਮਣੀ ਕਵੀ ਹਨ। ਸਿੱਖ ਗੁਰ-ਕਵੀਆਂ ਤੋਂ ਬਾਅਦ ਉਨ੍ਹਾਂ ਦੀ ਕਾਵਿ-ਰਚਨਾ ਦਾ ਅਸਥਾਨ ਬਣਦਾ ਹੈ। ਸਿੱਖ-ਜਗਤ ਵਿਚ ਉਨ੍ਹਾਂ ਦੀ ਕਾਵਿ-ਰਚਨਾ ਪ੍ਰਤਿ ਗੁਰਬਾਣੀ ਵਰਗਾ ਸ਼ਰਧਾ ਭਾਵ ਵਿਦਮਾਨ ਹੈ, ਅਤੇ ਗੁਰ-ਘਰ ਵਿਚ ਉਨ੍ਹਾਂ ਦੀਆਂ ਵਾਰਾਂ ਦਾ ਗਾਇਨ ਗੁਰਬਾਣੀ ਵਾਂਗ ਹੀ ਕੀਤਾ ਜਾਂਦਾ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਇਸ ਮਹਾਨ ਕਵੀ ਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਉਨ੍ਹਾਂ ਦੀ ਆਪਣੀ ਰਚਨਾ ਵਿਚੋਂ ਉਨ੍ਹਾਂ ਦੇ ਜੀਵਨ ਬਾਰੇ ਕੋਈ ਸੰਕੇਤ ਨਹੀਂ ਮਿਲਦਾ। ਭਾਈ ਸਾਹਿਬ ਦੇ ਜੀਵਨ ਬਾਰੇ ਪ੍ਰਾਪਤ ਕੀਤੇ ਅੰਕੜੇ, ਅਨੁਮਾਨਾਂ ਉਤੇ ਆਧਾਰਿਤ ਹੋਣ ਕਰਕੇ, ਕੋਈ ਨਿਸਚਿਤ ਤੱਥ ਪੇਸ਼ ਨਹੀਂ ਕਰਦੇ ਪਰ ਫਿਰ ਵੀ ਕੁਝ ਵਿਦਵਾਨਾਂ ਨੇ ਇਨ੍ਹਾਂ ਪ੍ਰਾਪਤ ਤੱਥਾਂ ਨੂੰ ਆਧਾਰ ਬਣਾ ਕੇ ਭਾਈ ਗੁਰਦਾਸ ਦਾ ਜੀਵਨ ਉਲੀਕਣ ਦਾ ਪ੍ਰਯਤਨ ਕੀਤਾ ਹੈ।

(ੳ) ਜਨਮ ਤੇ ਵੰਸ :

ਭਾਈ ਗੁਰਦਾਸ ਦੀ ਜਨਮ ਤਿੱਥੀ, ਜਨਮ ਅਸਥਾਨ ਅਤੇ ਪਰਿਵਾਰਕ ਪਿਛੋਕੜ ਬਾਰੇ ਵਿਦਵਾਨਾਂ ਦੀ ਰਾਇ ਇਕਸਾਰ ਨਹੀਂ। ਪ੍ਰਾਪਤ ਅੰਕੜਿਆਂ ਦੇ ਆਧਾਰ ਉਤੇ ਅਸੀਂ ਭਾਈ ਸਾਹਿਬ ਦੀ ਜਨਮ ਤਿੱਥੀ, ਜਨਮ ਅਸਥਾਨ ਅਤੇ ਪਰਿਵਾਰਕ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰਦੇ ਹਾਂ।

ਜਨਮ ਤਿੱਥੀ : ਭਾਈ ਗੁਰਦਾਸ ਦੀ ਜਨਮ ਤਿੱਥੀ ਬਾਰੇ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹੈ। ਸਰਦੂਲ ਸਿੰਘ ਦਾ ਵਿਚਾਰ ਹੈ ਕਿ ਭਾਈ ਗੁਰਦਾਸ ਦਾ ਜਨਮ 1615 ਬਿਕ੍ਰਮੀ (1558 ਈ,) ਵਿਚ ਹੋਇਆ।[1] ਭਾਈ ਵੀਰ ਸਿੰਘ ਨੇ ਅਨੁਮਾਨ ਲਾਇਆ ਹੈ ਕਿ ਭਾਈ ਗੁਰਦਾਸ ਦਾ ਜਨਮ 1600 ਤੋਂ 1610 ਬਿਕ੍ਰਮੀ ਦੇ ਵਿਚਕਾਰ ਹੋਇਆ।[2] ਇਸ ਤੱਥ ਦੀ ਪੁਸ਼ਟੀ ਲਈ ਭਾਈ ਵੀਰ ਸਿੰਘ ਵਲੋਂ ਇਹ ਦਲੀਲ ਦਿੱਤੀ ਗਈ ਹੈ ਕਿ "ਗੁਰੂ ਅਰਜਨ ਦੇਵ ਜੀ ਦੀ ਗੱਦੀ-ਨਸ਼ੀਨੀ ਤੋਂ ਮਗਰੋਂ ਆਪ ਜਦ ਅੰਮ੍ਰਿਤਸਰ ਆਉਂਦੇ ਹਨ ਤੇ ਗੁਰੂ ਸਾਹਿਬ ਜੀ ਦੀ ਮਾਤਾ ਭਾਨੀ ਜੀ ਨੂੰ ਮਿਲਦੇ ਹਨ ਤਾਂ ਮੱਥਾ ਟੇਕਦੇ ਹਨ, ਯਥਾ— 'ਦੇਖੀ ਸੁਸਾ ਪ੍ਰਣਾਮ ਸੁ ਕਯੋ।' ਇਸ ਤੋਂ ਥਹੁ ਪਿਆ ਕਿ ਆਪ ਬੀਬੀ ਭਾਨੀ ਜੀ ਦੇ ਛੋਟੇ ਭਰਾ ਸਨ। ਬੀਬੀ ਜੀ ਦਾ ਜਨਮ 1590-91 ਦਾ ਲਿਖਿਆ ਮਿਲਦਾ ਹੈ।"[3] ਇਸ ਤੋਂ ਸਪਸ਼ਟ ਹੈ ਕਿ ਭਾਈ ਗੁਰਦਾਸ ਦਾ ਜਨਮ 1590-91 ਬਿਕ੍ਰਮੀ ਤੋਂ ਮਗਰੋਂ ਹੀ ਹੋਇਆ ਹੋਵੇਗਾ। ਹਰਿੰਦਰ ਸਿੰਘ ਰੂਪ ਦੇ ਕਥਨ ਅਨੁਸਾਰ ਵੀ "ਕੋਈ ਸੰਨ ਸੰਮਤ ਨਹੀਂ ਮਿਲਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ 1600 ਤੋਂ 1610 ਬਿਕ੍ਰਮੀ ਦੇ ਵਿਚ ਹੀ ਮਿਥਿਆ ਜਾਣ ਲੱਗਾ ਹੈ।"[4] ਕਰਤਾਰ ਸਿੰਘ ਨੇ ਵੀ ਅਨੁਮਾਨ ਹੀ ਲਾਇਆ ਹੈ ਕਿ ਭਾਈ ਸਾਹਿਬ ਦਾ ਜਨਮ ਸੰਮਤ 1600 ਤੋਂ 1610 ਬਿਕ੍ਰਮੀ ਦੇ ਵਿਚ ਹੋਇਆ।[5] ਖ਼ੁਸ਼ਵੰਤ ਸਿੰਘ ਨੇ ਭਾਈ ਗੁਰਦਾਸ ਦਾ ਜਨਮ 1540 ਤੋਂ 1560 ਈ. ਦੇ ਵਿਚਕਾਰ ਹੋਣਾ ਦਸਿਆ ਹੈ।[6]

ਭਾਈ ਰਣਧੀਰ ਸਿੰਘ ਨੇ ਆਪਣੀ ਖੋਜ ਦੇ ਆਧਾਰ 'ਤੇ ਭਾਈ ਸਾਹਿਬ ਦਾ ਜਨਮ ਭੱਲਾ ਖ਼ਾਨਦਾਨ ਦੇ ਸਿੱਖੀ ਧਾਰਨ ਉਪਰੰਤ ਗੋਇੰਦਵਾਲ ਆ ਕੇ ਵੱਸਣ ਤੋਂ ਬਾਅਦ ਸੰਮਤ 1608 ਬਿਕ੍ਰਮੀ (1551 ਈ.) ਵਿਚ ਅਰਥਾਤ ਗੁਰੂ ਅਰਜਨ ਦੇਵ ਜੀ ਤੋਂ ਦੋ ਕੁ ਵਰ੍ਹੇ ਪਹਿਲਾਂ ਹੋਇਆ ਦਸਿਆ ਹੈ।[7] ਡਾ. ਹਰਨਾਮ ਸਿੰਘ ਸ਼ਾਨ[8], ਪਿਆਰਾ ਸਿੰਘ ਪਦਮ[9], ਮੌਲਾ ਬਖ਼ਸ਼ ਕੁਸ਼ਤਾ[10], ਮੋਹਨ ਸਿੰਘ[11], ਸੰਤ ਸਿੰਘ ਸੇਖੋਂ[12] ਆਦਿ ਵਿਦਵਾਨਾਂ ਨੇ ਵੀ ਭਾਈ ਗੁਰਦਾਸ ਦਾ ਜਨਮ 1551 ਈ. (1608 ਬਿਕ੍ਰਮੀ) ਵਿਚ ਹੋਣਾ ਦਸਿਆ ਹੈ। ਡਾ. ਦਲੀਪ ਸਿੰਘ ਦੀਪ ਵਲੋਂ ਵੀ ਭਾਈ ਗੁਰਦਾਸ ਦਾ ਜਨਮ 1551 ਈ. ਦਾ ਹੀ ਬਣਦਾ ਹੈ।[13] ਡਾ. ਰਤਨ ਸਿੰਘ ਜੱਗੀ ਨੇ ਭਾਈ ਸਾਹਿਬ ਦੇ ਜਨਮ ਦੀ ਤਿਥੀ ਬਾਰੇ ਵਿਚਾਰ ਕਰਦਿਆਂ 1608 ਬਿਕ੍ਰਮੀ (1551 ਈ. ਨੂੰ ਹੀ ਵਧੇਰੇ ਮੰਨਣਯੋਗ ਸਮਝਿਆ ਹੈ।[14] ਇਸ ਤਰ੍ਹਾਂ ਅਸੀਂ ਭਾਈ ਗੁਰਦਾਸ ਦੇ ਜਨਮ ਦੀ ਤਿਥੀ 1551 ਈ. (1608 ਬਿਕ੍ਰਮੀ) ਨਿਸਚਿਤ ਕਰ ਸਕਦੇ ਹਾਂ।

ਜਨਮ ਅਸਥਾਨ : ਭਾਈ ਗੁਰਦਾਸ ਦੇ ਜਨਮ ਅਸਥਾਨ ਸੰਬੰਧੀ ਵੀ ਵਿਦਵਾਨਾਂ ਦੇ ਵਿਚਾਰਾਂ ਵਿਚ ਅੰਤਰ ਹੈ। ਪਿਆਰਾ ਸਿੰਘ ਪਦਮ ਦੇ ਵਿਚਾਰ ਅਨੁਸਾਰ ਭਾਈ ਗੁਰਦਾਸ ਦਾ ਜਨਮ ਪਿੰਡ ਬਾਸਰਕੇ ਗਿੱਲਾਂ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ।[15] ਪੰਜਾਬੀ ਸਾਹਿੱਤ ਦੇ ਇਤਿਹਾਸ (ਭਾਸ਼ਾ ਵਿਭਾਗ, ਪੰਜਾਬ) ਵਿਚ ਵੀ ਭਾਈ ਸਾਹਿਬ ਦਾ ਜਨਮ ਅਸਥਾਨ ਪਿੰਡ ਬਾਸਰਕੀ ਗਿੱਲਾਂ ਹੀ ਦਸਿਆ ਗਿਆ ਹੈ।[16] ਭਾਈ ਵੀਰ ਸਿੰਘ ਅਤੇ ਕਰਤਾਰ ਸਿੰਘ ਦੋਵੇਂ ਭਾਈ ਗੁਰਦਾਸ ਦੇ ਜਨਮ ਅਸਥਾਨ ਬਾਰੇ ਨਿਸਚੇ ਨਾਲ ਕੁਝ ਨਹੀਂ ਕਹਿ ਸਕੇ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਭਾਈ ਗੁਰਦਾਸ ਦਾ ਜਨਮ ਬਾਸਰਕੇ ਜਾਂ ਗੋਇੰਦਵਾਲ ਪੁੱਜ ਕੇ ਹੋਇਆ।[17] ਕਰਤਾਰ ਸਿੰਘ ਦਾ ਵੀ ਇਹੋ ਵਿਚਾਰ ਹੈ ਕਿ ਭਾਈ ਗੁਰਦਾਸ ਦਾ ਜਨਮ ਬਾਸਰਕੇ ਜਾਂ ਗੋਇੰਦਵਾਲ ਵਿਚ ਹੋਇਆ।[18] ਮੌਲਾ ਬਖ਼ਸ਼ ਕੁਸ਼ਤਾ[19], ਡਾ. ਜੀਤ ਸਿੰਘ ਸੀਤਲ[20], ਡਾ. ਸੁਰਿੰਦਰ ਸਿੰਘ ਕੋਹਲੀ[21], ਸਰਦੂਲ ਸਿੰਘ[22] ਅਤੇ ਰਣਧੀਰ ਸਿੰਘ[23] ਆਦਿ ਵਿਦਵਾਨਾਂ ਨੇ ਭਾਈ ਗੁਰਦਾਸ ਦਾ ਜਨਮ ਅਸਥਾਨ ਗੋਇੰਦਵਾਲ ਹੀ ਲਿਖਿਆ ਹੈ। ਇਸ ਤਰ੍ਹਾਂ ਭਾਈ ਗੁਰਦਾਸ ਦਾ ਜਨਮ ਗੋਇੰਦਵਾਲ ਵਿਖੇ ਹੋਣਾ ਹੀ ਠੀਕ ਮੰਨਿਆ ਜਾ ਸਕਦਾ ਹੈ।

ਪਰਿਵਾਰਕ ਪਿਛੋਕੜ : ਭਾਈ ਗੁਰਦਾਸ ਦੀ ਜਨਮ ਤਿਥੀ ਤੇ ਜਨਮ ਅਸਥਾਨ ਵਾਂਗ ਉਨ੍ਹਾਂ ਦੇ ਪਿਤਾ ਦੇ ਨਾਂ ਬਾਰੇ ਵੀ ਕੁਝ ਸ਼ੰਕਾ ਹੈ। ਭਾਈ ਵੀਰ ਸਿੰਘ ਨੇ ਸਿਰਫ਼ ਇਹ ਸੰਕੇਤ ਕੀਤਾ ਹੈ ਕਿ ਉਨ੍ਹਾਂ ਦੇ ਪਿਤਾ ਦਾ ਨਾਂ ਪਿਛੇ ਜਹੇ, ਦਾਤਾਰ ਚੰਦ ਛਪਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ[24] ਪਰ ਉਨ੍ਹਾਂ ਨੇ ਇਸ ਤੱਥ ਦੀ ਪੁਸ਼ਟੀ ਲਈ ਕੁਝ ਨਹੀਂ ਲਿਖਿਆ। ਕਰਤਾਰ ਸਿੰਘ ਨੇ ਕੇਵਲ ਇਹ ਹੀ ਕਿਹਾ ਹੈ ਕਿ ਆਪ ਦੇ ਪਿਤਾ ਦਾ ਨਾਂ ਦਾਤਾਰ ਚੰਦ 'ਦੱਸੀਂਦਾ' ਹੈ।[25] ਹਰਿੰਦਰ ਸਿੰਘ ਰੂਪ ਨੇ ਵੀ ਭਾਈ ਗੁਰਦਾਸ ਦੇ ਪਿਤਾ ਦਾ ਨਾਂ ਦਾਤਾਰ ਚੰਦ ਲਿਖਿਆ ਹੈ।[26]

ਪਿਆਰਾ ਸਿੰਘ ਪਦਮ ਨੇ ਭਾਈ ਗੁਰਦਾਸ ਦੇ ਪਿਤਾ ਦਾ ਨਾਂ ਈਸ਼ਰ ਦਾਸ ਦਸਿਆ ਹੈ।[27] ਭਾਈ ਰਣਧੀਰ ਸਿੰਘ ਨੇ ਭਾਈ ਗੁਰਦਾਸ ਦੇ ਪਰਿਵਾਰਕ ਪਿਛੋਕੜ ਨੂੰ ਵਿਸਤਾਰ ਸਾਹਿਤ ਉਲੀਕਿਆ ਹੈ। ਉਸ ਅਨੁਸਾਰ, "ਈਸ਼ਰਦਾਸ ਦੇ ਇਕਲੌਤੇ ਸਪੂਤ ਭਾਈ ਗੁਰਦਾਸ ਸਨ।"[28] ਭਾਈ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮੇ ਅਨੁਸਾਰ ਵੀ ਭਾਈ ਗੁਰਦਾਸ ਦਾ ਜਨਮ ਈਸ਼ਰ ਦਾਸ ਦੇ ਘਰ ਹੋਇਆ।[29] ਡਾ. ਰਤਨ ਸਿੰਘ ਜੱਗੀ ਨੇ ਵੀ ਭਾਈ ਰਣਧੀਰ ਸਿੰਘ ਅਤੇ ਕੇਸਰ ਸਿੰਘ ਛਿੱਬਰ ਦੇ ਬੰਸਾਵਲੀ ਨਾਮੇ ਦੇ ਆਧਾਰ 'ਤੇ ਭਾਈ ਗੁਰਦਾਸ ਦੇ ਪਿਤਾ ਦਾ ਨਾਂ ਈਸ਼ਰ ਦਾਸ ਹੀ ਦਸਿਆ ਹੈ।[30] ਇਸ ਤਰ੍ਹਾਂ ਭਾਈ ਗੁਰਦਾਸ ਦੇ ਪਿਤਾ ਦਾ ਨਾਂ ਈਸ਼ਰ ਦਾਸ ਮੰਨਣਾ ਹੀ ਯੋਗ ਹੈ।

ਭਾਈ ਗੁਰਦਾਸ ਦੀ ਮਾਤਾ ਦਾ ਨਾਂ 'ਜੀਵਣੀ' ਦਸਿਆ ਜਾਂਦਾ ਹੈ।[31] ਗੁਰੂ ਅੰਗਦ ਦੇਵ ਜੀ ਨੇ ਗੁਰ-ਗੱਦੀ 'ਤੇ ਬਰਾਜਮਾਨ ਹੋ ਕੇ ਉੱਚੇ ਆਚਰਣ ਤੇ ਸੇਵਾ ਭਾਵ ਵਾਲੇ ਗੁਰਸਿੱਖਾਂ ਨੂੰ ਬਾਈ ਮੰਜੀਆਂ ਤੇ ਬੀਬੀਆਂ ਨੂੰ ਬਵੰਜਾ ਪੀੜ੍ਹੇ ਬਖਸ਼ੇ, ਜਿਨ੍ਹਾਂ ਵਿਚੋਂ ਇਕ ਪੀੜ੍ਹਾ ਯੋਗਤਾ ਅਨੁਸਾਰ ਮਾਤਾ ਜੀਵਣੀ ਦੇ ਹਿੱਸੇ ਵੀ ਆਇਆ।[32]

ਉਪਰੋਕਤ ਕੁਲ ਪਰੰਪਰਾ ਅਨੁਸਾਰ ਭਾਈ ਗੁਰਦਾਸ ਦੇ ਪਿਤਾ ਈਸ਼ਰ ਦਾਸ ਤੇ ਮਾਤਾ ਜੀਵਣੀ ਜੀ ਸਨ, ਜੋ ਭੱਲਾ ਖੱਤ੍ਰੀਆਂ ਵਿਚੋਂ ਸਨ। ਪਰਿਵਾਰਕ ਰਿਸ਼ਤੇਦਾਰੀ ਅਨੁਸਾਰ ਉਹ ਗੁਰੂ ਅਮਰ ਦਾਸ ਦੇ ਭਤੀਜੇ, ਗੁਰੂ ਰਾਮ ਦਾਸ ਜੀ ਦੇ ਮਹਿਲ ਬੀਬੀ ਭਾਨੀ ਜੀ ਦੇ ਚਚੇਰੇ ਭਾਈ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ, ਪਰ ਇਨ੍ਹਾਂ ਸੰਸਾਰਕ ਰਿਸ਼ਤਿਆਂ ਤੋਂ ਉਚੇਰਾ ਤੇ ਸੱਚਾ ਰਿਸ਼ਤਾ ਗੁਰੂ-ਪਰਿਵਾਰ ਨਾਲ ਗੁਰਸਿੱਖੀ ਦਾ ਪਵਿੱਤਰ ਰਿਸ਼ਤਾ ਸੀ ਜੋ ਭਾਈ ਗੁਰਦਾਸ ਨੇ ਆਖ਼ਰੀ ਸਵਾਸ ਤੱਕ ਨਿਭਾਇਆ।

ਭਾਈ ਗੁਰਦਾਸ ਦਾ ਸਾਰਾ ਜੀਵਨ ਗੁਰੂ ਸਾਹਿਬਾਨ ਦੀ ਸੰਗਤ ਵਿਚ ਹੀ ਬੀਤਿਆ ਹੈ। ਇਸ ਲਈ ਭਾਈ ਸਾਹਿਬ ਦੇ ਜੀਵਨ-ਵਿਕਾਸ ਤੇ ਪ੍ਰਮੁੱਖ ਕਾਰਜਾਂ ਦਾ ਵਿਸ਼ਲੇਸ਼ਣ ਗੁਰਗੱਦੀ ਦੇ ਕਾਰ-ਕ੍ਰਮ ਅਨੁਸਾਰ ਕਰਨਾ ਹੀ ਯੋਗ ਹੈ।

(ਅ) ਗੁਰੂ ਅਮਰਦਾਸ ਜੀ (1552-1574 ਈ.) :

ਭਾਈ ਗੁਰਦਾਸ ਜੀ ਅਜੇ ਤਿੰਨਾਂ ਕੁ ਵਰ੍ਹਿਆਂ ਦੇ ਹੋਏ ਸਨ ਕਿ ਉਨ੍ਹਾਂ ਦੇ ਪਿਤਾ ਜੀ ਚਲਾਣਾ ਕਰ ਗਏ[33] ਅਤੇ ਬਾਰ੍ਹਾਂ ਸਾਲ ਦੀ ਉਮਰ ਵਿਚ ਮਾਤਾ ਜੀ ਦਾ ਦੇਹਾਂਤ ਹੋ ਗਿਆ[34]। ਇਸ ਤਰ੍ਹਾਂ ਭਾਈ ਸਾਹਿਬ ਦਾ ਬਚਪਨ ਮੁੱਢ ਤੋਂ ਹੀ ਗੁਰੂ-ਘਰ ਵਿਚ ਸਤਿਗੁਰ ਦੀ ਛਤਰ-ਛਾਇਆ ਹੇਠ ਬੀਤਿਆ।

ਵਿਦਿਆ ਪ੍ਰਾਪਤੀ : ਸੁਰਤ ਸੰਭਾਲਣ ਉਪਰੰਤ ਉਨ੍ਹਾਂ ਨੂੰ ਗੁਰੂ ਵੰਸ ਦੇ ਹੋਰਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਲਕਾਂ ਨਾਲ ਹੀ ਪਾਠਸ਼ਾਲਾ ਪਾਇਆ ਗਿਆ ਜਿਥੇ ਟਾਕਰੇ, ਦੇਵਨਾਗਰੀ, ਗੁਰਮੁਖੀ ਆਦਿ ਅੱਖਰਾਂ ਦੀ ਜਾਣ-ਪਛਾਣ ਕਰਾਈ ਗਈ ਅਤੇ ਫਿਰ ਸੰਸਕ੍ਰਿਤ, ਪ੍ਰਾਕ੍ਰਿਤ ਵੀ ਪੜ੍ਹਾਈ ਗਈ।[35] ਉਸ ਸਮੇਂ ਗੋਇੰਦਵਾਲ ਵਿਚ ਹੀ ਵਿਦਿਆ ਦੀਆਂ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਸਨ ਕਿਉਂਕਿ ਉਨ੍ਹੀਂ ਦਿਨੀਂ ਗੋਇੰਦਵਾਲ ਤਾਂ ਵਿਦਿਆ ਦਾ ਕੇਂਦਰ ਸੀ ਅਤੇ ਸੰਸਕ੍ਰਿਤ ਦੇ ਧੁਰੰਧਰ ਵਿਦਵਾਨ ਤੇ ਫ਼ਾਰਸੀ ਦੇ ਆਲਮ-ਫ਼ਾਜ਼ਲ ਉਥੇ ਮੌਜੂਦ ਸਨ।[36] ਭਾਈ ਸਾਹਿਬ ਨੇ ਗੋਇੰਦਵਾਲ ਰਹਿ ਕੇ ਕਾਫ਼ੀ ਵਿਦਿਆ ਪ੍ਰਾਪਤ ਕਰ ਲਈ ਸੀ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਚੰਗਾ ਵਿਕਾਸ ਹੋ ਚੁੱਕਾ ਸੀ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ, "ਛੋਟੀ ਉਮਰ ਵਿਚ ਹੀ ਗੁਰਮੁਖੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਦੀ ਪੜ੍ਹਾਈ ਤੋਂ ਇਲਾਵਾ ਉਨ੍ਹਾਂ ਨੂੰ ਸ਼ਾਸਤ੍ਰਾਂ, ਉਪਨਿਸ਼ਦਾਂ ਤੇ ਪੁਰਾਣਾਂ ਦਾ ਵੀ ਚੋਖਾ ਗਿਆਨ ਹੋ ਗਿਆ ਸੀ।"[37]

ਭਾਈ ਗੁਰਦਾਸ ਦੀ ਵਿਦਿਆ ਪ੍ਰਾਪਤੀ ਦਾ ਖੇਤ੍ਰ ਗੋਇੰਦਵਾਲ ਤੱਕ ਹੀ ਸੀਮਿਤ ਨਹੀਂ ਰਿਹਾ। ਗੁਰੂ ਸਾਹਿਬ ਨੇ ਉਨ੍ਹਾਂ ਦੀ ਵਿਦਿਆ ਲਈ ਵਧੀਆ ਤੋਂ ਵਧੀਆ ਪ੍ਰਬੰਧ ਕੀਤਾ। "ਭਾਈ ਗੁਰਦਾਸ ਜੀ ਗੋਇੰਦਵਾਲ ਵੀ ਵਿਦਿਆ ਪ੍ਰਾਪਤ ਕਰਦੇ ਸਨ ਅਤੇ ਕਾਂਸ਼ੀ ਵੀ ਚਲੇ ਜਾਂਦੇ ਸਨ। ਚੋਟੀ ਦੇ ਵਿਦਵਾਨ ਕੇਸ਼ੋ ਗੁਪਾਲ ਪੰਡਿਤ (ਜਿਸ ਦੇ ਖ਼ਿਆਲ ਗੁਰਸਿੱਖੀ ਵਾਲੇ ਹੋ ਚੁੱਕੇ ਸਨ) ਨੇ ਆਪ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਕਾਫ਼ੀ ਸਮਾਂ ਦਿੱਤਾ। ਆਪ ਦੀ ਬੁੱਧ ਉੱਜਲ ਸੀ, ਇਸ ਲਈ ਸੰਸਕ੍ਰਿਤ ਵਿਦਿਆ ਬਹੁਤ ਹੀ ਜਲਦੀ ਗ੍ਰਹਿਣ ਕੀਤੀ।[38]। ਭਾਈ ਗੁਰਦਾਸ ਨੇ ਅਰਬੀ ਤੇ ਫ਼ਾਰਸੀ ਦਾ ਗਿਆਨ ਵੀ ਹਾਸਲ ਕੀਤਾ। "ਉਸ ਵਕਤ ਗੋਇੰਦਵਾਲ ਦੇ ਨੇੜੇ ਹੀ ਬਿਆਸ ਨਦੀਓਂ ਪਾਰ 'ਸੁਲਤਾਨਪੁਰ ਲੋਧੀ' ਵਿਚ ਇਸਲਾਮੀ ਯੂਨੀਵਰਸਿਟੀ ਭੀ ਕਾਇਮ ਸੀ ਜਿਸ ਵਿਚ ਬਾਦਸ਼ਾਹਜ਼ਾਦੇ, ਖ਼ਾਨਜ਼ਾਦੇ ਤੇ ਹੋਰ ਸਾਹਿਬਜ਼ਾਦੇ ਵੀ ਉੱਚੀ ਵਿਦਿਆ ਪ੍ਰਾਪਤ ਕਰ ਰਹੇ ਸਨ। ਸ਼ਾਹ ਜਹਾਨ ਬਾਦਸ਼ਾਹ ਦੇ ਪੁੱਤਰ-ਪੋਤਰੇ ਇਸੇ ਯੂਨੀਵਰਸਿਟੀ ਵਿਚ ਸੁਸਿਖਤ ਹੋਏ ਹਨ। ਹੋ ਸਕਦਾ ਹੈ ਕਿ ਸੰਮਤ 1622 ਬਿ. (1565 ਈ.) ਤੱਕ ਭਾਈ ਗੁਰਦਾਸ ਨੇ ਵੀ ਅਰਬੀ ਫ਼ਾਰਸੀ ਇਸੇ ਯੂਨੀਵਰਸਿਟੀ ਵਿਚ ਸਿੱਖੀ ਹੋਵੇ ਤੇ ਇਸਲਾਮ ਸੰਬੰਧੀ ਮੁੱਢਲੀ ਵਾਕਫ਼ੀਅਤ ਹਾਸਲ ਕੀਤੀ ਹੋਵੇ।"[39]

ਇਸ ਤਰ੍ਹਾਂ ਭਾਈ ਗੁਰਦਾਸ ਨੇ ਗੋਇੰਦਵਾਲ, ਕਾਂਸ਼ੀ, ਸੁਲਤਾਨਪੁਰ ਲੋਧੀ ਆਦਿ ਥਾਵਾਂ ਤੋਂ ਟਾਕਰੇ, ਦੇਵਨਾਗਰੀ, ਗੁਰਮੁਖੀ, ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਭਾਸ਼ਾ ਪੜ੍ਹੀ ਅਤੇ ਸ਼ਾਸਤ੍ਰਾਂ, ਉਪਨਿਸ਼ਦਾਂ, ਪੁਰਾਣਾਂ ਤੇ ਇਸਲਾਮ ਸੰਬੰਧੀ ਗਿਆਨ ਪ੍ਰਾਪਤ ਕੀਤਾ, ਜਿਸ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦਾ ਸੰਪੂਰਨ ਵਿਕਾਸ ਹੋਇਆ।

ਭਵਨ ਉਸਾਰੀ ਦੇ ਕਾਰਜਾਂ ਵਿਚ ਯੋਗਦਾਨ : ਜਦ ਭਾਈ ਗੁਰਦਾਸ ਕੁਝ ਵੱਡੇ ਹੋਏ ਤਾਂ ਉਚੇਰੀ ਸੂਝ-ਬੂਝ ਕਾਰਣ ਗੁਰੂ-ਘਰ ਦੇ ਕਾਰ-ਵਿਹਾਰ ਵਿਚ ਉਨ੍ਹਾਂ ਦੀ ਰਾਇ ਲਈ ਜਾਣ ਲੱਗੀ ਅਤੇ ਜ਼ਿੰਮੇਵਾਰੀ ਦੇ ਕੰਮ-ਕਾਜ ਉਨ੍ਹਾਂ ਨੂੰ ਸੌਂਪੇ ਜਾਣ ਲਗੇ। ਜਦ ਰਾਮਦਾਸ ਪੁਰ ਦੀ ਨੀਂਹ ਰੱਖੀ ਗਈ ਤਾਂ ਗੁਰੂ ਜੀ ਦੇ ਮਹਿਲਾਂ ਦੇ ਦੁਆਲੇ 52 ਜ਼ਾਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਲੋਕਾਂ ਨੂੰ ਵਸਾਉਣ ਵਾਲੇ ਗੁਰਸਿੱਖਾਂ, ਭਾਈ ਸਾਲੋ, ਰੂਪ ਰਾਮ, ਗੁਰੀਆ, ਆਦਿ ਵਿਚ ਭਾਈ ਗੁਰਦਾਸ ਸ਼ਾਮਲ ਸਨ ।[40] ਇਸ ਤਰ੍ਹਾਂ ਗੁਰੂ ਕੀ ਨਗਰੀ ਦਾ ਮੁੱਢ ਬੰਨਣ ਵਿਚ ਭਾਈ ਗੁਰਦਾਸ ਨੇ ਮਹੱਤਵਪੂਰਨ ਹਿੱਸਾ ਪਾਇਆ । ਉਸ ਸਮੇਂ "ਭਾਈ ਗੁਰਦਾਸ ਗੁਰੂ ਅਮਰ ਦਾਸ ਦੇ ਚੋਣਵੇਂ ਸਿੱਖਾਂ ਵਿਚੋਂ ਸਨ ।"[41]

ਭਾਈ ਗੁਰਦਾਸ ਨੇ ਗੁਰੂ-ਘਰ ਦੇ ਹਰ ਕੰਮ ਵਿਚ ਗਹਿਰੀ ਦਿਲਚਸਪੀ ਲਈ ਅਤੇ ਜੋ ਕੰਮ ਵੀ ਉਨ੍ਹਾਂ ਨੂੰ ਸੌਂਪਿਆ ਗਿਆ, ਪੂਰੀ ਤਨਦੇਹੀ ਨਾਲ ਸੰਪੰਨ ਕੀਤਾ । "ਗੁਰੂ ਅਮਰ ਦਾਸ ਜੀ ਨੇ ਜਦੋਂ ਗੋਇੰਦਵਾਲ ਵਿਚ ਬਾਉਲੀ ਦੀ ਸੇਵਾ ਆਰੰਭ ਕਰਵਾਈ ਤਾਂ ਉਸ ਵਿਚ ਭਾਈ ਸਾਹਿਬ ਨੇ ਕਾਫ਼ੀ ਭਾਗ ਲਿਆ । ਇਥੇ ਕੰਮ ਰਰਦਿਆਂ ਉਨ੍ਹਾਂ ਦਾ ਭਾਈ ਜੇਠਾ ਜੀ ਨਾਲ ਡੂੰਘਾ ਮੇਲ-ਜੋਲ ਹੋਇਆ ।[42]

ਧਰਮ ਪ੍ਰਚਾਰ : ਭਾਈ ਗੁਰਦਾਸ ਧਰਮ ਪ੍ਰਚਾਰ ਲਈ ਵੀ ਅਨੇਕਾਂ ਥਾਵਾਂ 'ਤੇ ਗਏ । ਭਾਈ ਵੀਰ ਸਿੰਘ ਦਾ ਕਥਨ ਹੈ ਕਿ, "ਆਪ ਗੁਰੂ ਅਮਰ ਦੇਵ ਜੀ ਦੇ ਫ਼ੈਜ਼ ਨਾਲ ਕ੍ਰਿਤ ਕ੍ਰਿਤ ਹੋ ਗਏ ਸੀ ਤੇ ਚੰਬੇ, ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਭੀ ਘੱਲੇ ਗਏ ਜਿਵੇਂ ਕਿ ਗੁਰੂ ਅਮਰ ਦੇਵ ਜੀ ਦੇ ਦੂਜੇ ਭਤੀਜੇ ਸਾਵਲ ਮੱਲ ਜੀ ਹਰੀਪੁਰੇ ਦੇ ਰਾਜੇ ਪਾਸ ਗਏ ਸਨ ।"[43] ਕਰਤਾਰ ਸਿੰਘ ਦਾ ਕਥਨ ਵੀ ਇਸ ਤੱਥ ਦੀ ਪੁਸ਼ਟੀ ਕਚਦਾ ਹੈ ਕਿ ਭਾਈ ਸਾਹਿਬ ਚੰਬੇ, ਜੰਮੂ ਆਦਿ ਪਹਾੜੀ ਇਲਾਕਿਆਂ ਵਿਚ ਗੁਰਸਿੱਖੀ ਦੇ ਪ੍ਰਚਾਰ ਲਈ ਘੱਲੇ ਗਏ ।[44] ਕਰਤਾਰ ਸਿੰਘ ਪੈਂਨਸਨਰ ਅਨੁਸਾਰ ਜਦ ਭਾਈ ਗੁਰਦਾਸ ਜੀ ਬਨਾਰਸ ਤੋਂ ਵਿਦਿਆ ਪ੍ਰਾਪਤ ਕਰਕੇ ਆਏ ਤਾਂ ਉਨ੍ਹਾਂ ਨੂੰ ਪ੍ਰਚਾਰ ਲਈ ਸੰਮਤ 1629 ਬਿਕ੍ਰਮੀ ਵਿਚ ਜੰਮੂ ਵੱਲ ਘੱਲਿਆ ਗਿਆ ।[45] ਭਾਈ ਗੁਰਦਾਸ ਨੇ ਧਰਮ ਪ੍ਰਚਾਰ ਦਾ ਕਾਰਜ ਬੜੇ ਵਿਆਪਕ ਰੂਪ ਵਿਚ ਕੀਤਾ । ਉਨ੍ਹਾਂ ਨੇ ਇਸ ਰੌਸ਼ਨੀ ਦੀਆਂ ਕਿਰਨਾਂ ਨੂੰ ਚੌਂਹ ਕੂੰਟਾਂ ਵਿਚ ਫੈਲਾਅ ਦਿੱਤਾ । ਅਕਬਰ ਵੀ ਭਾਈ ਗੁਰਦਾਸ ਦੀ ਸ਼ਖਸੀਅਤ ਤੋਂ ਬੜਾ ਪ੍ਰਭਾਵਿਤ ਹੋਇਆ । ਸਰਦੂਲ ਸਿੰਘ ਦੇ ਕਥਨ ਅਨੁਸਾਰ, "ਬਾਦਸ਼ਾਹ ਅਕਬਰ ਸ੍ਰੀ ਗੁਰੂ ਅਮਰ ਦੇਵ ਜੀ ਦਾ ਸ਼ਰਧਾਲੂ ਸਿੱਖ ਸੀ । ਭਾਈ ਸਾਹਿਬ ਨਾਲ ਉਸ ਦਾ ਬੜਾ ਹੀ ਪਿਆਰ ਸੀ । ਆਪ ਦੀ ਕਥਨੀ ਜਾਂ ਰਚਨਾ ਉਸ ਲਈ ਇਕ ਮੁਅੱਜਜ਼ਾ ਸੀ । ਉਹ ਕਈ ਕਈ ਦਿਨਾਂ ਲਈ ਉਨ੍ਹਾਂ ਨੂੰ ਆਪਣੇ ਦਰਬਾਰ ਦਿੱਲੀ ਜਾਂ ਆਗਰੇ ਵਿਚ ਸਤਿਗੁਰ ਜੀ ਕੋਲੋਂ ਮੰਗਵਾ ਲਿਆ ਕਰਦਾ ਸੀ । ਬਾਦਸ਼ਾਹ ਉਤੇ ਭਾਈ ਗੁਰਦਾਸ ਜੀ ਅਤੇ ਸਤਿਗੁਰ ਜੀ ਦਾ ਪ੍ਰਭਾਵ ਸੀ । ਅਕਬਰ ਵਿਦਵਾਨਾਂ ਦਾ ਕਦਰਦਾਨ ਸੀ । ਵਿਦਵਾਨਾਂ ਦੇ ਮੇਲ-ਮਿਲਾਪ ਵਿਚ ਦਿਲਚਸਪੀ ਰੱਖਦਾ ਸੀ । ਭਾਈ ਸਾਹਿਬ ਕੋਲੋਂ ਗੁਰਬਾਣੀ ਦੀ ਵਿਆਖਿਆ ਸੁਣ ਕੇ ਰਸ ਪ੍ਰਾਪਤ ਕਰਦਾ ਸੀ ।"[46]

ਜਦ ਗੁਰੂ ਅਮਰ ਦਾਸ ਜੀ 1631 ਬਿ. (1574 ਈ.) ਵਿਚ ਜੋਤੀ ਜੋਤ ਸਮਾ ਗਏ ਤਾਂ ਉਸ ਸਮੇਂ ਭਾਈ ਗੁਰਦਾਸ ਗੁਰਸਿੱਖੀ ਦੇ ਪ੍ਰਚਾਰ ਲਈ ਬਾਹਰ ਗਏ ਸਨ । ਕਿਸ ਥਾਂ ਗਏ ਸਨ ? ਇਸ ਸੰਬੰਧੀ ਵਿਦਵਾਨਾਂ ਦਾ ਮੱਤ ਇਕ ਨਹੀਂ । ਭਾਈ ਵੀਰ ਸਿੰਘ ਅਨੁਸਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਮੇਂ "ਭਾਈ ਗੁਰਦਾਸ ਜੀ ਬਾਹਰ ਗਏ ਹੋਏ ਸਨ, ਚਾਹੋ ਪ੍ਰਚਾਰ ਲਈ ਜੰਮੂ ਵੱਲ ਤੇ ਚਾਹੋ ਕਿਸੇ ਹੋਰ ਥਾਂ ਕਿਸੇ ਹੋਰ ਕੰਮ।"[47] ਸਰਦੂਲ ਸਿੰਘ ਦੇ ਕਥਨ ਅਨੁਸਾਰ ਉਸ ਸਮੇਂ ਭਾਈ ਗੁਰਦਾਸ ਆਗਰੇ ਸਨ, ਪਤਾ ਤਾਂ ਲੱਗ ਗਿਆ ਸੀ ਆਗਰਿਓਂ ਗੋਇੰਦਵਾਲ ਤੱਕ ਪਹੁੰਚਦਿਆਂ ਦੇਰ ਲੱਗ ਗਈ ਸੀ।[48] ਭਾਈ ਰਣਧੀਰ ਸਿੰਘ ਦੇ ਵਿਚਾਰ ਅਨੁਸਾਰ, "ਸੰਮਤ 1631 ਭਾਦੋਂ (ਅਗਸਤ 1574 ਈ.) ਵਿਚ ਜਦੋਂ ਤੀਜੇ ਪਾਤਿਸ਼ਾਹ 'ਗੁਰੂ ਅਮਰਿ, ਅਮਰ ਵਰਤਾਇਓ' ਦੀ ਖੇਡ ਖੇਡੀ ਗਈ, ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਗੁਰਗੱਦੀ ਵਿਰਾਜ ਕੇ 'ਅਟਲ ਅਮਰ ਪਦੁ ਪਾਇਓ'। ਤਦੋਂ ਭਾਈ ਗੁਰਦਾਸ ਜੀ, ਆਪਣੇ ਤਾਇਆ ਸਾਹਿਬ ਗੁਰੂ ਅਮਰ ਦਾਸ ਜੀ ਦੀ ਪਰਚਾਉਣੀ, ਅਰੁ ਜੀਜਾ, ਗੁਰੂ ਰਾਮ ਦਾਸ ਜੀ ਨੂੰ ਗਰਿਆਈ ਪਾਉਣ ਦੀ ਵਧਾਈ ਦੇਣ ਵਾਸਤੇ, ਆਗਰਿਓਂ ਗੋਇੰਦਵਾਲ ਆਏ।"[49]

(ੲ) ਗੁਰੂ ਰਾਮ ਦਾਸ ਜੀ (1574-1581) :

ਗੁਰੂ ਰਾਮ ਦਾਸ ਜੀ 1631 ਬਿ. (1574 ਈ.) ਵਿਚ ਗੁਰਗੱਦੀ 'ਤੇ ਬਰਾਜਮਾਨ ਹੋਏ। ਰਿਸ਼ਤੇਦਾਰੀ ਵਿਚ ਗੁਰੂ ਸਾਹਿਬ ਭਾਈ ਗੁਰਦਾਸ ਦੇ ਭਣਵਈਏ ਸਨ। ਗੁਰੂ ਅਮਰ ਦਾਸ ਜੀ ਦੇ ਸਮੇਂ, ਜੇਠਾ ਜੀ ਤੇ ਭਾਈ ਗੁਰਦਾਸ ਬਾਉਲੀ ਦੀ ਸੇਵਾ ਅਤੇ ਗੁਰੂ ਕੇ ਚੱਕ ਦੀ ਆਬਾਦੀ ਸਮੇਂ ਰਲ ਕੇ ਕੰਮ ਕਰਦੇ ਰਹੇ ਸਨ, ਅਤੇ ਹੁਣ ਇਹ ਸਾਂਝ ਗੁਰੂ-ਚੇਲੇ ਦਾ ਰੂਪ ਧਾਰਨ ਕਰ ਗਈ ਸੀ।

ਗੁਰਸਿਖੀ ਧਾਰਨ ਬਾਰੇ ਸ਼ੰਕਾ : ਭਾਈ ਸੰਤੋਖ ਸਿੰਘ ਦੇ ਕਥਨ—'ਮੋਕਉ ਸਿੱਖੀ ਦੇਹੁ ਮਹਾਨੀ'—ਤੋਂ ਇਹ ਸਮਝਿਆ ਗਿਆ ਹੈ ਕਿ ਭਾਈ ਗੁਰਦਾਸ ਨੇ ਗੁਰੂ ਰਾਮ ਦਾਸ ਜੀ ਪਾਸੋਂ ਹੀ ਗੁਰਸਿੱਖੀ ਧਾਰਨ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਨ੍ਹਾਂ ਨੇ ਚੌਥੇ ਸਤਿਗੁਰਾਂ ਤੋਂ 1636 ਵਿਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਗੁਰਾਂ ਪਾਸੋਂ ਸਮਝਿਆ।"[50]

ਇਸ ਭੁਲੇਖੇ ਨੂੰ ਭਾਈ ਵੀਰ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਦੂਰ ਕੀਤਾ ਹੈ। ਇਸ ਤੱਥ ਦਾ ਨਿਰਣਾ ਕਰਦਿਆਂ ਭਾਈ ਸਾਹਿਬ ਲਿਖਦੇ ਹਨ—"ਬਹੁਤੇ ਲੇਖਕਾਂ ਨੇ ਇਸ ਤੋਂ ਇਹ ਸਮਝਿਆ ਹੈ ਕਿ ਭਾਈ ਗੁਰਦਾਸ ਹੁਣ ਤੱਕ ਸਿੱਖ ਨਹੀਂ ਸੀ ਤੇ ਹੁਣ ਸਿੱਖ ਬਣਿਆ ਹੈ। ਪਰ ਦੇਖੋ ਗੁਰੂ ਸਾਹਿਬ ਤਤਕਾਲ ਹੀ ਆਗਰੇ ਵੱਲ ਸਿੱਖੀ ਪ੍ਰਚਾਰ ਲਈ ਜਾਣ ਦਾ ਹੁਕਮ ਦਿੰਦੇ ਹਨ (ਸਿਮਰਹੁ ਵਾਹਿਗੁਰੂ ਸਤਿਨਾਮ। ਜਾਤੇ ਪਾਵਹੁ ਸੁਖ ਬਿਸਰਾਮ॥ ਅਬ ਤੁਮ ਆਗ੍ਰੇ ਮਾਹਿ ਸਿਧਾਵਹੁ॥ ਸੋ ਦਰੁਸਤ ਭਾਵ ਇਹ ਜਾਪਦਾ ਹੈ ਕਿ ਭਾਈ ਜੀ ਗੁਰੂ ਅਮਰਦੇਵ ਵੇਲੇ ਸਿੱਖੀ ਧਾਰਨ ਕਰ ਚੁੱਕੇ ਸੀ। ਹੁਣ ਆ ਕੇ ਉਨ੍ਹਾਂ ਨੇ ਗੁਰੂ ਰਾਮ ਦਾਸ ਵਿਚ ਉਹੋ ਜੋਤ ਦੇਖੀ ਤੇ ਸਿੱਖੀ ਦੀ ਯਾਚਨਾ ਕੀਤੀ ਅਤੇ ਨਵੇਂ ਸਤਿਗੁਰੂ ਜੀ ਅੱਗੇ ਪਹਿਲੇ ਗੁਰੂ ਵਾਂਗੂੰ ਸਿੱਖ ਮੰਨ ਲੈਣ ਦੀ ਅਰਦਾਸ ਕੀਤੀ ਤੇ ਗੁਰੂ ਜੀ ਵਲੋਂ ਸਤਿਨਾਮ ਵਾਹਿਗੁਰੂ ਸਿਮਰੋ ਕਿਹਾ ਜਾਣਾ ਉਸ ਨੂੰ ਸਿੱਖ ਸਵੀਕਾਰ ਕਰਨ ਦੀ ਅਸ਼ੀਰਵਾਦ ਸੀ। ਜੇ ਹੁਣ ਤੱਕ ਭਾਈ ਗੁਰਦਾਸ ਸਿੱਖ ਨਹੀਂ ਸੀ ਅਤੇ ਹੁਣੇ ਦੀਖਿਅਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਹੈ ਤਾਂ ਉਸੇ ਦਮ 'ਸਿੱਖਿਆ ਦਾਤਾ' ਗੁਰਮੁਖ ਹੋ ਕੇ, ਆਗੂ ਥਾਪ ਕੇ, ਟੋਰ ਦੇਣਾ ਭਾਵੇਂ ਗੁਰੂ ਜੀ ਅੱਗੇ ਅਸੰਭਵ ਨਹੀਂ ਸੀ ਪਰ ਅਕਸਰ ਗੁਰਮਤ ਵਿਚ ਪੱਕ ਗਏ ਪ੍ਰਤਿ ਹੀ ਅੱਗੋਂ ਉਪਦੇਸ਼ ਕਰਨ ਦੀ ਪਦਵੀ ਮਿਲਦੀ ਸੀ। ਸਗੋਂ ਉਸ ਵੇਲੇ ਪ੍ਰਚਾਰ ਲਈ ਟੋਰਿਆ ਜਾਣਾ ਦਲੀਲ ਹੈ ਇਸ ਗੱਲ ਦੀ ਕਿ ਉਨ੍ਹਾਂ ਦੀ ਸਿੱਖੀ ਤੇ ਪ੍ਰਚਾਰ ਦੇ ਗੁਣ ਦੀ ਪ੍ਰਬੀਨਤਾ ਮੰਨੀ ਪ੍ਰਮੰਨੀ ਗੱਲ ਸੀ। ਤਦੇ ਗੁਰੂ ਜੀ ਉਸੇ ਦਮ ਭਾਈ ਜੀ ਨੂੰ ਆਗਰੇ ਤੋਰ ਦਿੰਦੇ ਹਨ।"[51] ਨਿਰਸੰਦੇਹ ਭਾਈ ਗੁਰਦਾਸ ਨੇ ਗੁਰੂ ਰਾਮ ਦਾਸ ਜੀ ਪਾਸੋਂ ਗੁਰਸਿੱਖ ਦੇ ਮਾਰਗ 'ਤੇ ਚਲਦੇ ਰਹਿਣ ਲਈ ਅਸ਼ੀਰਵਾਦ ਪ੍ਰਾਪਤ ਕੀਤੀ ਸੀ। ਸਿੱਖੀ ਉਹ ਪਹਿਲਾਂ ਹੀ ਧਾਰਨ ਕਰ ਚੁੱਕੇ ਸਨ।

ਗੁਰਮਤਿ ਪ੍ਰਚਾਰ : ਗੁਰੂ ਰਾਮਦਾਸ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰ ਕੇ ਉਨ੍ਹਾਂ ਦੀ ਆਗਿਆ ਨਾਲ ਭਾਈ ਗੁਰਦਾਸ ਆਪਣੇ ਨਾਲ ਕਈ ਸਿੱਖਾਂ ਨੂੰ ਲੈ ਕੇ ਆਗਰੇ ਵੱਲ ਰਵਾਨਾ ਹੋਏ। ਗੁਰਸਿੱਖੀ ਦਾ ਪ੍ਰਚਾਰ ਕਰਦਿਆਂ "ਪੰਜਾਬ ਲੰਘ, ਹਰਿਦੁਆਰ, ਦਿੱਲੀ ਆਦਿ ਥਾਵਾਂ 'ਤੇ ਹੁੰਦੇ ਹੋਏ ਫੇਰ ਹੇਠਾਂ ਨੂੰ ਟੁਰੇ ਤੇ ਦਿੱਲੀ, ਮਥਰਾ ਆਦਿ ਥਾਈਂ ਮੁਕਾਮ ਕਰਦੇ ਆਗਰੇ ਅੱਪੜੇ। ਇਥੇ ਰਹਿ ਕੇ ਆਪ ਜੀ ਨੇ ਸਾਰੇ ਪੂਰਬੀ ਇਲਾਕੇ ਵਿਚ ਸਿੱਖੀ ਦੀ ਪ੍ਰਚਾਰ-ਸੇਵਾ ਨੂੰ ਸੰਭਾਲ ਲਿਆ। ਆਪ ਨਿਰੇ ਆਗਰੇ ਹੀ ਨਹੀਂ ਟਿਕੇ ਰਹੇ, ਸਗੋਂ ਕਦੇ ਕਦੇ ਰਾਜਪੂਤਾਨੇ ਹੁੰਦੇ ਦੱਖਣ ਵੱਲ ਬੁਰਹਾਨਪੁਰ ਤੀਕ, ਪੂਰਬ ਵੱਲ ਬਿਹਾਰ ਤੱਕ ਤੇ ਉੱਤਰ ਵੱਲ ਲਖਨਊ ਆਦਿ ਥਾਵਾਂ ਤੱਕ ਵੀ ਦੌਰੇ ਕਰਦੇ ਹੁੰਦੇ ਸਨ। ਆਪ ਦੀ ਬਜ਼ੁਰਗੀ, ਉਪਕਾਰ, ਆਤਮ ਤੱਤ ਦਰਸ਼ੀ ਹੋਣ ਦੀ ਮਹਿਮਾ ਇੰਨੀ ਫੈਲੀ ਕਿ ਬੜੇ ਬੜੇ ਹਿੰਦੂ ਸਾਧੂ ਤੇ ਮੁਸਲਮ ਫ਼ਕੀਰ ਆਪ ਨੂੰ ਮਿਲਣ ਆਉਣ ਲੱਗ ਪਏ।"[52]

ਭਾਈ ਵੀਰ ਸਿੰਘ ਅਨੁਸਾਰ, "ਆਗਰੇ ਟਿਕਾਉ ਦੇ ਦਿਨਾਂ ਵਿਚ ਭਾਈ ਜੀ ਕਦੇ ਪੰਜਾਬ ਆਏ ਕਿ ਨਹੀਂ ? ਠੀਕ ਪਤਾ ਨਹੀਂ ਚੱਲਦਾ।"[53] ਭਾਈ ਰਣਧੀਰ ਸਿੰਘ ਦੀ ਖੋਜ ਅਨੁਸਾਰ, "ਭਾਈ ਸਾਹਿਬ ਨੇ 'ਆਗਰੇ' ਕੇਂਦਰ ਬਣਾ ਕੇ, ਚਹੁੰ ਕੁੰਟਾਂ ਵਿਚ, ਸੱਚ ਧਰਮ ਦੇ ਬੀਜ-ਮੰਤ੍ਰ ਦਾ ਛੱਟਾ ਦਿਤਾ। ਬੜੇ ਬੜੇ ਨਗਰਾਂ ਵਿਚ ਸੰਗਤਾਂ ਤੇ ਧਰਮਸਾਲਾਂ ਸਥਾਪਨ ਕੀਤੀਆਂ। ਲਗ ਪਗ ਚਾਰ ਸਾਲ ਇਸ ਸੇਵਾ ਤੇ ਲਗੇ ਰਹੇ।"[54] ਇਸ ਤਰ੍ਹਾਂ ਭਾਈ ਸਾਹਿਬ ਨੇ 1631 ਬਿ. (1574 ਈ.) ਤੋਂ 1634 ਬਿ. (1577 ਈ.) ਤੱਕ ਚਾਰ ਕੁ ਸਾਲ ਆਗਰੇ ਰਹਿ ਕੇ ਗੁਰਮਤਿ ਦਾ ਪ੍ਰਚਾਰ ਕੀਤਾ।

ਆਗਰੇ ਤੋਂ ਇਲਾਵਾ ਉਨ੍ਹਾਂ ਨੇ ਹੋਰ ਕਈ ਥਾਵਾਂ ਦੀ ਯਾਤ੍ਰਾ ਵੀ ਕੀਤੀ। ਸਰਦੂਲ ਸਿੰਘ ਦੇ ਕਥਨ ਅਨੁਸਾਰ, "ਸ੍ਰੀ ਗੁਰੂ ਰਾਮ ਦਾਸ ਜੀ ਦੇ ਗੁਰਿਆਈ ਦੇ ਸੱਤਾਂ ਸਾਲਾਂ ਵਿਚ ਭਾਈ ਸਾਹਿਬ ਜੀ ਦੀਆਂ ਛੋਟੀਆਂ ਵੱਡੀਆਂ ਕਈ ਉਦਾਸੀਆਂ ਹਨ। ਆਪ ਨੂੰ ਦਿਨ ਰਾਤ ਸੇਵਾ ਤੇ ਬਾਣੀ ਇਕੱਤ੍ਰ ਕਰਨ ਦੀ ਲਗਨ ਸੀ।"[55] ਭਾਈ ਰਣਧੀਰ ਸਿੰਘ ਅਨੁਸਾਰ, "1634 ਬਿ. (1577 ਈ.) ਵਿਚ ਗੁਰੂ ਜੀ ਨੇ ਆਪ ਨੂੰ ਕਸ਼ਮੀਰ ਦੇਸ਼ ਅੰਦਰ ਗੁਰਮੁਖੀ ਅੱਖਰਾਂ ਤੇ ਨਿਰੰਕਾਰੀ ਧਰਮ ਦਾ ਪ੍ਰਚਾਰ ਕਰਨ ਹੇਤ ਭੇਜ ਦਿੱਤਾ। ਭਾਈ ਸਾਹਿਬ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗ ਕਰ ਕੇ, ਭਾਈ ਮਾਧੋ ਜੇਹੇ ਅਨੇਕਾਂ ਜਗਿਆਸੂਆਂ ਨੂੰ ਏਕੰਕਾਰ ਦੀ ਪ੍ਰੇਮਾ ਭਗਤੀ ਦਾ ਰੰਗ ਲੱਗਾ। ਸਾਲ ਕੁ ਭਰ ਆਪ ਉਸੇ ਪਾਸੇ ਸਤਿਗੁਰ ਨਾਨਕ ਦੀ ਲਾਈ ਗੁਰਸਿੱਖ ਵਾੜੀ ਨੂੰ ਗੁਰਮੰਤ੍ਰ, ਗੁਰਬਾਣੀ ਦਾ ਅੰਮ੍ਰਿਤ ਸਿੰਜ ਕੇ ਸੁਰਜੀਤ ਕਰਦੇ ਰਹੇ। ਓੜਕ ਸੱਚੇ ਸਾਹਿਬ ਦੀ ਆਗਿਆ ਪਾ ਕੇ, ਆਪਣੀ ਪ੍ਰਚਾਰ-ਮੰਜੀ 'ਤੇ ਭਾਈ ਮਾਧਉ ਨੂੰ ਸਜਾ ਕੇ, ਮੁੜ ਗੁਰਚਰਨਾਂ ਵਿਚ ਹਾਜ਼ਿਰ ਹੋ ਗਏ।',[56] ਇਸ ਤਰ੍ਹਾਂ ਭਾਈ ਗੁਰਦਾਸ ਆਗਰੇ, ਕਸ਼ਮੀਰ ਤੇ ਹੋਰਨਾਂ ਥਾਵਾਂ ਦਾ ਰਟਨ ਕਰਦਿਆ ਗੁਰਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਗੁਰੂ ਚੱਕ ਦੇ ਵਸਾਉਣ ਵਿਚ ਸੇਵਾ : ਭਾਈ ਗੁਰਦਾਸ ਗੁਰਸਿੱਖੀ ਦੇ ਪ੍ਰਚਾਰ ਲਈ ਦੂਰ ਦੂਰ ਤੱਕ ਗਏ ਪਰ ਨਾਲ ਹੀ ਉਹ ਪੰਜਾਬ ਆਉਂਦੇ ਜਾਂਦੇ ਰਹੇ ਤੇ ਉਸਾਰੀ ਕਾਰਜਾਂ ਵਿਚ ਸਰਗਰਮ ਹਿੱਸਾ ਲਿਆ। "ਗੁਰੂ ਘਰ ਦੇ ਹਰੇਕ ਪ੍ਰਬੰਧ ਵਿਚ ਆਪ ਹਿੱਸੇਦਾਰ ਹੁੰਦੇ ਸਨ। ਇਮਾਰਤਾਂ ਦੇ ਨਕਸ਼ਿਆਂ ਵਿਚ ਵੀ ਆਪ ਦੀ ਸਲਾਹ ਲਈ ਜਾਂਦੀ ਸੀ। ਆਪ ਨੂੰ ਜਿਥੇ ਜਿਸ ਵੇਲੇ ਵੀ ਸੇਵਾ ਦਾ ਮੌਕਾ ਮਿਲਦਾ, ਖੁੰਝਾਉਂਦੇ ਨਹੀਂ ਸਨ। ਬਾਉਲੀ ਸਾਹਿਬ ਦੀ ਸੇਵਾ ਸ੍ਰੀ ਗੁਰੂ ਅਮਰ ਦੇਵ ਜੀ ਦੇ ਸਮੇਂ ਸੰਪੂਰਨ ਨਹੀਂ ਸੀ ਹੋਈ। ਉਸ ਨੂੰ ਵੀ ਆਪ ਨੇ ਸਿਰੇ ਚੜ੍ਹਾਇਆ।"[57] ਗੁਰੂ ਚੱਕ ਦੀ ਆਬਾਦੀ ਵਿਚ ਭਾਈ ਗੁਰਦਾਸ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਭਾਈ ਰਣਧੀਰ ਸਿੰਘ ਦੇ ਕਥਨ ਅਨੁਸਾਰ, "ਸੰਮਤ 1634 ਬਿ. (1577 ਈ.) ਵਿਚ ਤੀਜੇ ਸਤਿਗੁਰਾਂ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਗੁਰੂ ਰਾਮ ਦਾਸ ਜੀ ਨੇ ਪੁਰਾਣੀ ਢੰਢ ਨੂੰ ਤਾਲਾਬ ਦਾ ਰੂਪ ਦੇਣ ਵਾਸਤੇ ਉੱਦਮ ਉਠਾਇਆ। ਇਸ ਦੇ ਨਾਲ ਹੀ ਗੁਰੂ ਚੱਕ ਅੰਦਰ ਆਬਾਦੀ ਕਰਨ ਦਾ ਉਪਰਾਲਾ ਆਰੰਭਿਆ। ਪੂਰੀ ਸਰਗਰਮੀ ਨਾਲ ਕਾਰਜ ਨਿਭਾਉਣ ਵਾਸਤੇ ਪੰਜਾਂ ਦਾਨੇ-ਪ੍ਰਧਾਨੇ ਗੁਰਮੁਖਾਂ ਦੀ 'ਕੰਮ ਕਰਨੀ' ਕਮੇਟੀ ਬਣਾਈ ਗਈ। ਭਾਈ ਗੁਰਦਾਸ ਭੀ ਇਸ 'ਪੰਚਾਇਤ' ਵਿਚ ਸ਼ਾਮਲ ਸਨ। ਇਸ ਲੋਕ-ਸੇਵਾ ਸੰਜੁਗਤ ਧਰਮ-ਕਾਰਜ ਵਿਚ ਭਾਈ ਜੀ ਨੇ ਸਿਰੋਂ ਪਰੇ ਹੋ ਕੇ ਸੇਵਾ ਕੀਤੀ। ਲਾਗ-ਲਾਉਣੇ ਤੇ ਨਗਰਾਂ ਗਿਰਾਵਾਂ ਵਿਚ ਫਿਰ ਫਿਰ ਕੇ ਹਰ ਕੰਮ ਤੇ ਕਿੱਤੇ ਦੇ ਮਹਿਰਾਂ, ਵਪਾਰੀਆਂ ਅਰੁ ਵਿਹਾਰੀ ਸ਼ਾਹਾਂ ਸੌਦਾਗਰਾਂ ਨੂੰ ਇਸ ਵਸਤੀ ਵਿਚ ਆਇ ਵੱਸਣ ਲਈ ਪ੍ਰੇਰਿਆ। ਗਲੀਆਂ ਬਜ਼ਾਰਾਂ ਦੇ ਉਲੀਕ ਉਲੀਕੇ ਤੇ ਉਸਾਰੀਆਂ ਕਰਵਾਈਆਂ। ਗੁਰੂ ਸਾਹਿਬ ਦੀ ਬਣਾਈ ਵਿਉਂਤ ਮੂਜਬ, ਤਾਲ ਅੰਦਰ 'ਹਰਿਮੰਦਰ' ਸੁਧਾਰਿਆ"।[58]

ਅਕਬਰ ਦੇ ਦਰਬਾਰ ਵਿਚ ਧਾਰਮਿਕ ਪ੍ਰਤਿਨਿਧਤਾ : ਗੁਰੂ-ਘਰ ਵਿਚ ਭਾਈ ਗੁਰਦਾਸ ਦਾ ਕਾਫ਼ੀ ਆਦਰ-ਮਾਣ ਸੀ। ਵਿਸ਼ੇਸ਼ ਜ਼ਿੰਮੇਵਾਰੀ ਦੇ ਕੰਮ ਅਕਸਰ ਭਾਈ ਸਾਹਿਬ ਨੂੰ ਹੀ ਸੌਂਪੇ ਜਾਂਦੇ ਸਨ। ਭਾਈ ਰਣਧੀਰ ਸਿੰਘ ਦੇ ਕਥਨ ਅਨੁਸਾਰ, "30 ਸਤੰਬਰ 1578 ਈ. ਨੂੰ ਅਕਬਰ ਬਾਦਸ਼ਾਹ ਨੇ ਰਾਜਧਾਨੀ ਆਗਰਾ ਵਿਚ 'ਸਰਬ ਧਰਮ ਸੰਮੇਲਨ ਕਰਨ ਦਾ ਉੱਦਮ ਕੀਤਾ। ਦੇਸ਼ ਦੇਸ਼ਾਂਤ੍ਰਾਂ ਤੋਂ ਹਰ ਮਜ਼ਹਬੁ-ਮਿਲੱਤ, ਫਿਰਕੇ-ਸੰਪ੍ਰਦਾਵਾਂ ਦੇ ਆਲਿਮ-ਫ਼ਾਜ਼ਿਲ ਤੇ ਸ਼ਾਸਤ੍ਰੀ ਰਾਜ-ਪੰਡਿਤ ਇਸ ਮਹਾਨ ਸਮਾਗਮ ਵਿਚ ਸ਼ਾਮਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਏ। ਸ੍ਰੀ ਗੁਰੂ ਜੀ ਨੇ ਆਪਣੇ ਵਲੋਂ ਭਾਈ ਗੁਰਦਾਸ ਜੀ ਨੂੰ ਪ੍ਰਤਿਨਿਧਤਾ ਬਖ਼ਸ਼ ਕੇ ਵਡਿਆਇਆ ਤੇ ਆਗਰੇ ਘੱਲਿਆ" ।[59] ਅਜਿਹੇ ਮਹਾਨ ਸਮਾਗਮ ਲਈ ਭਾਈ ਗੁਰਦਾਸ ਨੂੰ ਭੇਜਿਆ ਜਾਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਭਾਈ ਸਾਹਿਬ ਅਸਾਧਾਰਣ ਸੂਝ-ਬੂਝ ਵਾਲੇ ਗੁਰਸਿੱਖ ਸਨ।

ਸਿੱਖੀ ਸਿਦਕ ਦੀ ਭਾਵਨਾ ਦਾ ਪ੍ਰਦਰਸ਼ਨ : ਸੰਮਤ 1638 ਬਿ. (1581 ਈ.) ਨੂੰ ਗੁਰੂ ਰਾਮ ਦਾਸ ਜੀ ਜੋਤੀ ਜੋਤ ਸਮਾ ਗਏ। ਉਸ ਸਮੇਂ ਵੀ ਭਾਈ ਗੁਰਦਾਸ ਆਗਰੇ ਹੀ ਸਨ। ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਪੰਜਾਬ ਆਉਣ ਲਈ ਉਤਾਵਲੇ ਹੋ ਗਏ। ਆਪਣਾ ਕੰਮ-ਕਾਰ ਕੁਝ ਮੁਖੀਆਂ ਨੂੰ ਸੌਂਪ ਕੇ ਕੁਝ ਸੰਗਤ ਸਮੇਤ ਆਗਰੇ ਤੋਂ ਟੁਰ ਕੇ ਪੰਜਾਬ-ਬਿਆਸ ਦੇ ਕਿਨਾਰੇ ਪਹੁੰਚ ਗਏ। ਉਸ ਵੇਲੇ ਬੇੜੀ ਨਹੀਂ ਸੀ ਤੇ ਨਦੀ ਵੀ ਭਰ ਕੇ ਵਹਿ ਰਹੀ ਸੀ। ਇਕ ਸਿੱਖ ਕਿਨਾਰੇ ਬੈਠਾ ਪਾਠ ਕਰ ਰਿਹਾ ਸੀ, ਤੁਕ ਆਈ—"ਗੁਰੂ ਕਾ ਬਚਨ ਬਸੈ ਜੀਅ ਨਾਲੇ। ਜਲ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੈ ॥" ਇਹ ਤੁਕ ਸੁਣਦਿਆਂ ਭਾਈ ਸਾਹਿਬ ਸੰਗਤਾਂ ਸਮੇਤ ਦਰਿਆ ਵਿਚ ਠਿੱਲ ਪਏ ਤੇ ਠੀਕ ਠਾਕ ਕਿਨਾਰੇ ਆ ਲੱਗੇ। ਜਦ ਭਾਈ ਗੁਰਦਾਸ ਗੋਇੰਦਵਾਲ ਵੜਨ ਲਗੇ ਤਾਂ ਕੁਝ ਬੱਚੇ ਖੇਡ ਰਹੇ ਸਨ। ਖੇਡ ਵਿਚ ਕਿਸੇ ਗੱਲ 'ਤੇ ਲੜਕਿਆਂ ਆਖਿਆ, 'ਗੁਰੂ ਭਾਵੇ ਤਾਂ ਐਉਂ ਹੋਵੇਗਾ'। ਇਸ ਵਾਕ ਵਿਚ ਵਿਦਮਾਨ ਸਿਦਕ ਦੀ ਭਾਵਨਾ ਨੇ ਭਾਈ ਸਾਹਿਬ ਨੂੰ ਬੜਾ ਪ੍ਰਭਾਵਿਤ ਕੀਤਾ ਤੇ ਉਨ੍ਹਾਂ ਨੇ ਬੱਚਿਆਂ ਵੱਲ ਆਪਣਾ ਸਿਰ ਨਿਵਾ ਕੇ ਕਿਹਾ, 'ਧੰਨ ਹੋ ਗੁਰੂ ਪਰ ਸਿਦਕ ਵਾਲਿਓ'। ਪਹਿਲਾਂ ਭਾਈ ਸਾਹਿਬ ਗੁਰੂ ਅਮਰ ਦਾਸ ਜੀ ਦੇ ਪਰਿਵਾਰ ਨੂੰ ਮਿਲੇ ਤੇ ਰਾਤ ਆਪਣੇ ਘਰ ਵਿਸ਼ਰਾਮ ਕਰ ਕੇ ਸਵੇਰੇ ਰਾਮਦਾਸ ਪੁਰੇ ਨੂੰ ਚਾਲੇ ਪਾ ਦਿੱਤੇ।[60]

(ਸ) ਗੁਰੂ ਅਰਜਨ ਦੇਵ ਜੀ (1581-1606 ਈ.)

ਗੁਰੂ ਅਮਰ ਦਾਸ ਜੀ ਦੀ ਪਰਚਾਵਣੀ ਤੋਂ ਬਾਅਦ ਜਦ ਭਾਈ ਗੁਰਦਾਸ ਰਾਮਦਾਸ ਪੁਰੇ ਪਹੁੰਚੇ ਤਾਂ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਤੇ ਵੈਰਾਗ ਦੀ ਭਾਵਨਾ ਨਾਲ ਉਹ ਗੁਰੂ ਚਰਨਾਂ 'ਤੇ ਢਹਿ ਪਏ। ਅਜਿਹੀ ਵੈਰਾਗਾਤਮਕ ਸਥਿੱਤੀ ਵਿਚ ਗੁਰ ਅਰਜਨ ਦੇਵ ਜੀ ਨੇ ਪੁੱਛਿਆ ਕਿ ਗੋਇੰਦਵਾਲ ਆਪ ਨੇ ਖਿਲਾੜੀ ਬੱਚਿਆਂ ਅੱਗੇ ਕਿਉਂ ਸੀਸ ਨਿਵਾਇਆ ? ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਬੱਚਿਆਂ ਵਿਚ ਸਿਦਕ ਦੀ ਭਾਵਨਾ ਨੇ ਅਜਿਹਾ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ।[61]

ਪ੍ਰਿਥੀ ਚੰਦ ਦਾ ਵਿਰੋਧ : ਗੁਰੂ ਰਾਮ ਦਾਸ ਜੀ ਦਾ ਵੱਡਾ ਪੁੱਤ੍ਰ ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਮੰਨਦਾ ਸੀ। ਉਹ ਹਮੇਸ਼ਾਂ ਹੀ ਗੁਰੂ-ਘਰ ਦਾ ਵਿਰੋਧੀ ਰਿਹਾ ਸੀ ਤੇ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ 'ਤੇ ਬੈਠਣ ਮਗਰੋਂ ਉਸ ਨੇ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਜਦ ਗੁਰੂ ਰਾਮ ਦਾਸ ਜੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਦੇ ਗਏ ਤਾਂ ਪ੍ਰਿਥੀ ਚੰਦ ਨੇ ਉਸੇ ਦਿਨ ਤੋਂ ਗੁਰੂ ਜੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੈਰ ਬੰਨ੍ਹ ਲਿਆ।[62] ਗੁਰੂ ਅਰਜਨ ਦੇਵ ਜੀ ਪ੍ਰਭੂ-ਪ੍ਰੇਮ ਵਿਚ ਲੀਨ ਰਹਿੰਦੇ ਸਨ। ਪ੍ਰਿਥੀ ਚੰਦ ਨੇ ਧਨ-ਦੌਲਤ ਤੇ ਬਾਜ਼ਾਰ ਆਦਿ ਉੱਤੇ ਆਪਣਾ ਕਬਜ਼ਾ ਕਰ ਲਿਆ। ਸੰਗਤਾਂ ਵਿਚ ਅਨੇਕਾਂ ਮੇਵੜੇ ਭੇਜ ਦਿਤੇ ਕਿ ਗੁਰਗੱਦੀ ਪ੍ਰਿਥੀ ਚੰਦ ਨੂੰ ਮਿਲੀ ਹੈ। ਰਾਮਦਾਸ ਪੁਰੇ ਦੇ ਆਲੇ-ਦੁਆਲੇ ਵੀ ਆਪਣੇ ਆਦਮੀ ਛੱਡ ਦਿਤੇ ਜੋ ਬਾਹਰੋਂ ਆਈਆਂ ਸੰਗਤਾਂ ਨੂੰ ਉਸ ਦੇ ਡੇਰੇ ਲੈ ਆਉਂਦੇ ਸਨ।[63] ਇਸ ਤਰ੍ਹਾਂ ਗੁਰੂ-ਘਰ ਦੀ ਆਰਥਿਕ ਹਾਲਤ ਡਾਵਾਂ ਡੋਲ ਹੋ ਗਈ। ਇਹ ਆਰਥਿਕ ਸੰਕਟ ਇੰਨਾ ਵਧ ਗਿਆ ਕਿ ਲੰਗਰ ਵਿਚ ਮਿੱਸੇ ਪ੍ਰਸ਼ਾਦੇ ਪੱਕਣ ਲੱਗ ਪਏ ਤੇ ਕਈ ਵਾਰ ਤਾਂ ਸੰਗਤਾਂ ਨੂੰ ਇਕ ਇਕ ਮਿੱਸੀ ਪ੍ਰਸ਼ਾਦੀ ਹੀ ਜੁੜਦੀ। ਜਦ ਭਾਈ ਗੁਰਦਾਸ ਗੋਇੰਦਵਾਲ ਤੋਂ ਦੁਬਾਰਾ ਰਾਮਦਾਸ ਪੁਰੇ ਆਏ ਤਾਂ ਉਨ੍ਹਾਂ ਨੂੰ ਵੀ ਲੰਗਰ ਵਿਚੋਂ ਮਿੱਸੇ ਪ੍ਰਸ਼ਾਦੇ ਹੀ ਮਿਲੇ। ਇਸ ਗੱਲ ਦਾ ਭਾਈ ਸਾਹਿਬ ਨੂੰ ਬੜਾ ਦੁੱਖ ਹੋਇਆ ਤੇ ਪੁੱਛਣ 'ਤੇ ਮਾਤਾ ਭਾਨੀ ਜੀ ਨੇ ਪ੍ਰਿਥੀ ਚੰਦ ਦੀਆਂ ਸਾਰੀਆਂ ਹਰਕਤਾਂ ਖੋਲ੍ਹ ਕੇ ਦੱਸ ਦਿੱਤੀਆਂ। ਭਾਈ ਗੁਰਦਾਸ ਨੇ ਪ੍ਰਿਥੀ ਚੰਦ ਦੀ ਇਸ ਹਰਕਤ ਨੂੰ ਰੋਕਣ ਲਈ ਬਾਬਾ ਬੁੱਢਾ ਜੀ ਤੇ ਹੋਰ ਗੁਰਸਿੱਖਾਂ ਨਾਲ ਸਲਾਹ ਕੀਤੀ। ਗੁਰੂ ਚੱਕ ਨੂੰ ਆਉਂਦੇ ਸਾਰੇ ਰਾਹਾਂ 'ਤੇ ਆਪਣੇ ਸਿੱਖਾਂ ਨੂੰ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਦੀ ਯੋਗ ਅਗਵਾਈ ਲਈ ਨਿਯੁੱਕਤ ਕਰ ਕੇ ਆਪ ਲਾਹੌਰੋਂ ਆਉਂਦੇ ਸ਼ਾਹ-ਰਾਹ ਉਤੇ ਚੌਂਕੜਾ ਮਾਰ ਕੇ ਬੈਠ ਗਏ। ਇਸ ਤਰ੍ਹਾ ਗੁਰ-ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂ ਯਾਤ੍ਰੀਆਂ ਨੂੰ ਯੋਗ ਅਗਵਾਈ ਮਿਲਣ ਲੱਗੀ ਤੇ ਉਹ ਮੀਣਿਆਂ ਦੇ ਵਿਛਾਏ ਕਪਟ-ਜਾਲ ਵਿਚ ਫਸਣੋਂ ਹਟ ਗਏ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਸਿੱਖ ਸੰਗਤਾਂ ਨੂੰ ਪ੍ਰਿਥੀ ਚੰਦ ਤੋਂ ਸੁਚੇਤ ਰਹਿਣ ਲਈ ਪਰਵਾਨੇ ਲਿਖੇ ਗਏ, ਜਿਨ੍ਹਾਂ ਉਪਰ ਭਾਈ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਨੇ ਵੀ ਦਸਖ਼ਤ ਕੀਤੇ। ਇਹ ਪਰਵਾਨੇ ਦੂਰ ਦੂਰ ਤੱਕ ਭੇਜੇ ਗਏ।[64] ਭਾਈ ਸਾਹਿਬ ਦੀ ਇਸ ਸੁਚੱਜੀ ਵਿਉਂਤ ਕਾਰਣ ਗੁਰੂ-ਘਰ ਦੀ ਆਮਦਨ ਫਿਰ ਵਧ ਗਈ ਤੇ ਸੰਗਤਾਂ ਦੀ ਚਹਿਲ-ਪਹਿਲ ਹੋ ਗਈ।

ਗੁਰੂ ਅਰਜਨ ਦੇਵ ਜੀ ਦੇ ਪ੍ਰੇਮ-ਭਾਵ ਉਪਰੰਤ ਵੀ ਪ੍ਰਿਥੀ ਚੰਦ ਦਵੈਸ਼ ਦੀ ਅੱਗ ਵਿਚ ਸੜਦਾ ਰਿਹਾ। ਗੁਰੂ ਜੀ ਦੀ ਆਗਿਆ ਨਾਲ ਭਾਈ ਗੁਰਦਾਸ ਨੇ ਗੁਰੂ ਕੇ ਬਾਜ਼ਾਰ ਦੇ ਕਿਰਾਏ ਅਤੇ ਜਾਗਾਤ ਦੀ ਆਮਦਨ ਪ੍ਰਿਥੀ ਚੰਦ ਨੂੰ ਦੇ ਦਿੱਤੀ ਅਤੇ ਚੌਂਕ ਪਾਸੀਆਂ ਵਾਲਾ ਬਾਜ਼ਾਰ ਮਹਾਂ ਦੇਵ ਨੂੰ ਦੇ ਦਿੱਤਾ।[65]

ਇਸ ਨਾਲ ਵੀ ਪ੍ਰਿਥੀ ਚੰਦ ਦੀ ਆਤਮਾ ਸ਼ਾਂਤ ਨਾ ਹੋ ਸਕੀ। "ਜਦ ਅੰਮ੍ਰਿਤਸਰ ਵਿਚ ਪ੍ਰਿਥੀਏ ਦੀ ਨਿਰਾਦਰੀ ਹੋਈ ਤੇ ਇਨ੍ਹਾਂ ਕੁਕਰਮਾਂ ਤੋਂ ਲੋਕ ਉਸ ਨੂੰ ਕੁਲ-ਘਾਤੀ, ਪਾਪੀ, ਨਿੰਦਕ, ਮੀਣਾ, ਬਾਲ ਧ੍ਰੋਹੀ ਦੱਸਣ ਲੱਗੇ ਤੇ ਦੇਵ ਮਹਾਂਦੇਵ ਦੇ ਦਿਲੋਂ ਵੀ ਲਹਿ ਗਿਆ ਤਾਂ ਉਹ ਸ਼ਰਮਿੰਦਾ ਹੋ ਕੇ ਆਪਣੇ ਸਹੁਰੇ ਪਿੰਡ ਹੇਹਰ ਚਲਾ ਗਿਆ। ਇਥੇ ਉਸ ਨੇ ਸੁਲਹੀ ਨਾਲ ਮਿਲ ਕੇ ਅੰਮ੍ਰਿਤਸਰ ਦੀ ਸ਼ਕਲ ਦਾ ਤੀਰਥ ਰਚਣਾ ਆਰੰਭ ਕਰ ਦਿੱਤਾ। ਗੁਰੂ ਸਾਹਿਬ ਸਦਾ ਹੀ ਮਿਹਰਬਾਨ ਸਨ। ਉਨ੍ਹਾਂ ਨੇ ਪ੍ਰਿਥੀ ਚੰਦ ਦੀਆਂ ਸਾਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਰਾਈਆਂ ਨੂੰ ਭੁੱਲ ਕੇ ਭਾਈ ਗੁਰਦਾਸ ਨੂੰ ਪਿੰਡ ਹੇਹਰ ਭੇਜਿਆ ਕਿ ਉਹ ਪ੍ਰਿਥੀ ਚੰਦ ਨੂੰ ਅੰਮ੍ਰਿਤਸਰ ਲੈ ਆਉਣ। ਭਾਈ ਗੁਰਦਾਸ ਨੇ ਪ੍ਰਿਥੀ ਚੰਦ ਨੂੰ ਬਹੁਤ ਸਮਝਾਇਆ ਪਰ ਪ੍ਰਿਥੀ ਚੰਦ ਨੇ ਕ੍ਰੋਧਵਾਨ ਹੋ ਕੇ ਭਾਈ ਸਾਹਿਬ ਨੂੰ ਵੀ ਮੰਦਾ-ਚੰਗਾ ਬੋਲਿਆ''।[66] ਪ੍ਰਿਥੀ ਚੰਦ ਦੇ ਇਸ ਕਿਰਦਾਰ ਨੂੰ ਭਾਈ ਗੁਰਦਾਸ ਨੇ ਆਪਣੀ 36ਵੀਂ ਵਾਰ ਵਾਰ ਵਿਚ ਬੜੇ ਵਿਸਤਾਰ ਨਾਲ ਚਿਤ੍ਰਿਆ ਹੈ, ਜਿਵੇਂ :

...ਸਤਿਗੁਰ ਸਚਾ ਪਾਤਸਾਹੁ ਮੂਹੁ ਕਾਲੈ ਮੀਣਾ। 36/1
...ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ। 36/2
...ਵਗ ਨ ਹੋਵਨਿ ਕੁਤੀਆ ਮੀਣੇ ਮੁਰਦਾਰੀ। 36/3
...ਮੁਢਹੁ ਘੁਥਹੁ ਮੀਣਿਆ ਤੁਧੁ ਜਮਪੁਰਿ ਜਾਣਾ। 36/4
...ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ। 36/5
...ਤਿਉ ਨਕਟ ਪੰਥੁ ਹੈ ਮੀਣਿਆ ਮਿਲਿ ਨਰਕਿ ਨਿਬਾਹੈ। 36/6
...ਰਲੈ ਜੋ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ। 36/7
...ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ।
...ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ। 36/8

ਦਸਵੰਧ ਦੀ ਪਿਰਤ : 'ਗੁਰੂ ਸਾਹਿਬ ਦੀ ਆਗਿਆ ਨਾਲ' ਭਾਈ ਗੁਰਦਾਸ ਨੇ ਦਸਵੰਧ ਦੀ ਪ੍ਰਥਾ ਨੂੰ ਸਿੱਖ ਸੰਗਤਾਂ ਵਿਚ ਪ੍ਰਚਾਰਿਆ। ਦਸਵੰਧ ਜਾਂ ਦਸੌਂਧ ਦਾ ਭਾਵ ਹੈ ਕਿ ਹਰ ਗੁਰਸਿੱਖ ਆਪਣੀ ਕ੍ਰਿਤ-ਕਮਾਈ ਵਿਚੋਂ ਦਸਵਾਂ ਹਿੱਸਾ ਕੱਢ ਕੇ ਗੁਰੂ ਦੇ ਖਜ਼ਾਨੇ ਭੇਟਾ ਕਰੇ।[67] ਦਸਵੰਧ ਦੀ ਇਹ ਪ੍ਰਥਾ ਇਕ ਮਹੱਤਵਪੂਰਨ ਕਾਰਜ ਸਿੱਧ ਹੋਇਆ ਕਿਉਂਕਿ ਇਸ ਨਾਲ ਗੁਰੂ-ਘਰ ਦੀ ਆਰਥਿਕ ਹਾਲਤ ਬਹੁਤ ਸੁਧਰ ਗਈ ਜਿਸ ਦੇ ਫਲਸਰੂਪ ਧਰਮ-ਪ੍ਰਚਾਰ, ਵਿਦਿਆ, ਧਰਮਸ਼ਾਲਾਂ, ਪਾਠਸ਼ਾਲਾਂ ਆਦਿ ਦੀ ਸਥਾਪਨਾ ਸੰਭਵ ਹੋ ਸਕੀ।

ਵਹਿਮੀ ਪੰਡਿਤ ਦੀ ਕਥਾ : ਕਾਂਸ਼ੀ ਤੋਂ ਆਇਆ ਇਕ ਪੰਡਿਤ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਥਾ ਕਰਦਾ ਹੁੰਦਾ ਸੀ। ਉਸ ਨੇ ਇਕ ਹੋਰ ਪੋਥੀ ਵਿਚੋਂ ਕਥਾ ਕਰਨ ਦੀ ਇੱਛਾ ਪ੍ਰਗਟ ਕੀਤੀ ਪਰ ਨਾਲ ਹੀ ਕਿਹਾ ਕਿ ਉਹ ਪੋਥੀ ਉਸ ਦੇ ਘਰ ਕਾਂਸ਼ੀ ਪਈ ਹੈ। ਗੁਰੂ ਸ਼ਾਹਿਬ ਨੇ ਪੋਥੀ ਮੰਗਵਾਉਣ ਲਈ ਰਾਹ ਦਾ ਖਰਚ ਪੰਡਿਤ ਨੂੰ ਦੇ ਦਿੱਤਾ। ਪੰਡਿਤ ਨੇ ਮਹੂਰਤ ਸੋਧ ਕੇ ਆਪਣੇ ਪੁੱਤ੍ਰ ਨੂੰ ਕਾਂਸ਼ੀ ਵਲ ਤੋਰਿਆ ਪਰ ਉਸ ਦੇ ਘਰੋਂ ਨਿਕਲਣ ਸਮੇਂ ਇਕ ਖੋਤਾ ਹੀਂਗਣ ਲੱਗ ਪਿਆ, ਜਿਸ ਨੂੰ ਅਸ਼ੁਭ ਸਮਝਦਿਆਂ ਪੰਡਿਤ ਦਾ ਪੁੱਤ੍ਰ ਵਾਪਸ ਮੁੜ ਆਇਆ। ਇਸ ਉਪਰੰਤ ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਨੂੰ ਇਸ ਮੰਤਵ ਲਈ ਕਾਂਸ਼ੀ ਜਾਣ ਵਾਸਤੇ ਤਿਆਰ ਕੀਤਾ ਜੋ ਬਿਨਾਂ ਕਿਸੇ ਮਹੂਰਤ ਤੇ ਸ਼ਗਨ ਵਿਚਾਰਣ ਦੇ ਗੁਰੂ ਜੀ ਦੀ ਓਟ ਲੈ ਕੇ ਕਾਂਸ਼ੀ ਵੱਲ ਤੁਰ ਪਿਆ। ਗੁਰੂ ਜੀ ਨੇ ਪੰਡਿਤ ਨੂੰ ਗੁਰਸਿੱਖ ਦੇ ਵਹਿਮ-ਭਰਮ ਤੋਂ ਮੁਕਤ ਕਿਰਦਾਰ ਬਾਰੇ ਜਾਣੂ ਕਰਵਾਇਆ। ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਗੁਰਦਾਸ ਨੂੰ ਇਹ ਘਟਨਾ ਕਾਵਿ-ਬੱਧ ਕਰਨ ਲਈ ਆਖਿਆ। ਗੁਰੂ ਸਾਹਿਬ ਦੀ ਇੱਛਾ ਅਨੁਸਾਰ ਭਾਈ ਗੁਰਦਾਸ ਨੇ ਆਪਣੇ ਦੋ ਕਬਿੱਤਾਂ ਵਿਚ ਇਸ ਘਟਨਾ ਦਾ ਵਿਵਰਣ ਦਿੱਤਾ ਹੈ।[68]

ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਦੀ ਸੇਵਾ : ਭਾਈ ਗੁਰਦਾਸ ਦੇ ਜੀਵਨ ਦਾ ਸਭ ਤੋਂ ਮਹਾਨ ਕਾਰਜ ਆਦਿ ਗ੍ਰੰਥ ਲਿਖਣ ਦੀ ਕੀਤੀ ਗਈ ਪਵਿੱਤ੍ਰ ਸੇਵਾ ਹੈ। ਜਦ ਸਾਰੀ ਬਾਣੀ ਇਕੱਤ੍ਰ ਹੋ ਗਈ ਤਾਂ 'ਗੁਰੂ ਜੀ ਨੇ ਕਲਮ ਦੇ ਧਨੀ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੂੰ ਆਪਣੇ ਨਾਲ ਲਾਇਆ, ਕਿਉਂਕਿ ਇਹ ਕੰਮ ਕਾਫ਼ੀ ਸਿਆਣਪ ਤੇ ਲਗਾਤਾਰ ਮਿਹਨਤ ਦਾ ਸੀ। ਸਾਰੀ ਬਾਣੀ ਨੂੰ ਰਾਗਾਂ, ਛੰਦਾਂ ਤੇ ਵੱਖ ਵੱਖ ਗੁਰੂ ਵਿਅਕਤੀਆਂ ਦੀ ਤਰਤੀਬ ਅਨੁਸਾਰ ਸੰਚਯ ਕਰਨਾ ਸੀ''।[69] ਜਦ ਸਾਰੀ ਬਾਣੀ ਰਾਗਾਂ ਅਨੁਸਾਰ ਸੋਧ ਲਈ ਗਈ ਤਾਂ ਅੰਤਿਮ ਲਿਖਾਈ ਦਾ ਕਾਰਜ ਭਾਈ ਗੁਰਦਾਸ ਨੂੰ ਸੌਂਪਿਆ ਗਿਆ। ''ਅੰਮ੍ਰਿਤਸਰ, ਤੀਰਥ ਤੋਂ ਪੂਰਬ ਵੱਲ ਮੀਲ ਭਰ ਰਮਣੀਕ ਜੰਗਲ ਸੁੰਦਰ ਬਨ ਬੇਰੀਆਂ ਵੇਖ ਕੇ (ਜਿੱਥੇ ਬੈਠ ਕੇ ਸੁਖਮਨੀ ਰਚੀ ਸੀ), ਇਕ ਛੱਪੜ ਦੇ ਕੰਢੇ, ਜਿਸ ਦਾ ਨਾਮ ਹੁਣ ਰਾਮਸਰ ਹੈ, ਤੰਬੂ ਕਨਾਤ ਲਗਵਾ ਕੇ ਆਪ ਤਾਂ ਗੁਰੂ ਜੀ ਕਨਾਤ ਅੰਦਰ ਬੈਠ ਕੇ ਸ਼ਬਦ ਉਚਾਰਦੇ ਰਹੇ ਤੇ ਬਾਹਰ ਭਾਈ ਗੁਰਦਾਸ ਜੀ ਬੈਠੇ ਲਿਖਦੇ ਰਹੇ''।[70] ਇਸ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ''ਜਿਵੇਂ ਵੇਦਾਂ ਨੂੰ ਤਰਤੀਬ ਦੇਣ ਵਾਲੇ ਪੰਡਿਤ ਬੇਦ ਬਿਆਸ ਜੀ ਸਨ, ਤਿਵੇਂ ਬੀੜ ਨੂੰ ਤਰਤੀਬ ਦੇਣ ਵਿਚ ਆਪ ਦਾ ਕਾਫ਼ੀ ਹੱਥ ਸੀ''।[71] ''ਕਰਤਾਰਪੁਰੀ ਬੀੜ ਵਿਚ ਭਾਈ ਗੁਰਦਾਸ ਵੱਲੋਂ ਲਿਖੇ ਸੰਮਤ ਅਨੁਸਾਰ ਇਹ ਮਹਾਨ ਕਾਰਜ ਉਨ੍ਹਾਂ ਨੇ 1661 ਬਿ. ਵਿਚ ਸੰਪੂਰਨ ਕੀਤਾ''।[72]

ਉਸ ਸਮੇਂ ਭਾਈ ਗੁਰਦਾਸ ਵੀ ਗੁਰਮਤਿ ਵਿਚਾਰਧਾਰਾ ਅਨੁਸਾਰ ਕਾਵਿ-ਰਚਨਾ ਕਰ ਰਹੇ ਸਨ। ਗੁਰੂ ਸਾਹਿਬ ਨੇ ਭਾਈ ਜੀ ਨੂੰ ਆਪਣੀ ਬਾਣੀ ਗ੍ਰੰਥ ਵਿਚ ਚੜ੍ਹਾਉਣ ਲਈ ਆਖਿਆ ਪਰ ਉਨ੍ਹਾਂ ਨੇ ਨਿਮਰਤਾ ਦਾ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਗੁਰੂਆਂ ਦੇ ਬਰਾਬਰ ਸ਼ਿੱਖ ਦੀ ਬਾਣੀ ਦੇਣਾ ਯੋਗ ਨਹੀਂ।

ਆਦਿ ਗ੍ਰੰਥ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨਿਯੁੱਕਤ ਕੀਤੇ ਗਏ ਅਤੇ ''ਆਦਿ ਗ੍ਰੰਥ ਦੇ ਪ੍ਰਥਮ ਪ੍ਰਕਾਸ਼ ਦੇ ਅਵਸਰ 'ਤੇ ਇਕ ਸ਼ਾਨਦਾਰ ਕਵੀ ਦਰਬਾਰ ਹੋਇਆ ਜਿਸ ਵਿਚ ਸਾਰੇ ਭਾਰਤ ਦੇ ਕੋਨੇ ਕੋਨੇ 'ਚੋਂ ਸ਼ਿਰੋਮਣੀ ਕਵੀਆਂ ਨੇ ਭਾਗ ਲਿਆ ਜਿਨ੍ਹਾਂ ਵਿਚ ਪੰਡਿਤ ਕੇਸ਼ੋ ਗੁਪਾਲ ਤੇ ਬਨਾਰਸ ਕਸ਼ਮੀਰ ਤੋਂ ਮਹਾਨ ਵਿਦਵਾਨ ਤੇ ਕਵੀਆਂ ਨੇ ਭਾਗ ਲਿਆ। ਇਸ ਸ਼ਾਨਦਾਰ ਕਵੀ ਦਰਬਾਰ ਦੀ ਪ੍ਰਧਾਨਗੀ ਦਾ ਸੁਭਾਗ ਭਾਈ ਗੁਰਦਾਸ ਨੂੰ ਪ੍ਰਾਪਤ ਹੋਇਆ''।[73]

ਲਾਹੌਰ ਨੂੰ ਜਾਂਦਾ ਹੋਇਆ ਅਕਬਰ ਬਟਾਲੇ ਆਇਆ ਤਾਂ ਪ੍ਰਿਥੀ ਚੰਦ ਦੀ ਚੁੱਕ 'ਤੇ ਕੁਝ ਆਦਮੀਆਂ ਨ ਬਾਦਸ਼ਾਹ ਪਾਸ ਸ਼ਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਨੇ ਜੋ ਗ੍ਰੰਥ ਬਣਾਇਆ ਹੈ ਉਸ ਵਿਚ ਇਸਲਾਮ ਤੇ ਪੈਗੰਬਰਾਂ ਦੀ ਨਿੰਦਿਆ ਕੀਤੀ ਗਈ ਹੈ। ਪ੍ਰਿਥੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਦ ਨੇ ਵੀ ਗਵਾਹੀ ਦੇ ਦਿੱਤੀ ਜਿਸ ਦੇ ਫਲਸਰੂਪ ਬਾਦਸ਼ਾਹ ਨੇ ਗ੍ਰੰਥ ਬਟਾਲੇ ਮੰਗਵਾ ਲਿਆ। ਆਪ ਤਾਂ ਗੁਰੂ ਜੀ ਨਾ ਗਏ ਪਰ ਬਾਬਾ ਬੁੱਢਾ ਜੀ, ਭਾਈ ਗੁਰਦਾਸ ਤੇ ਕੁਝ ਹੋਰ ਸਿੱਖਾਂ ਨੂੰ ਗ੍ਰੰਥ ਦੇ ਕੇ ਬਾਦਸ਼ਾਹ ਪਾਸ ਬਟਾਲੇ ਭੇਜ ਦਿੱਤਾ। ਅਕਬਰ ਨੇ ਭਾਈ ਗੁਰਦਾਸ ਨੂੰ ਗ੍ਰੰਥ ਵਿਚੋਂ ਕੁਝ ਪੜ੍ਹ ਕੇ ਸੁਣਾਉਣ ਲਈ ਆਖਿਆ। ਪਹਿਲੀ ਵਾਰ ਇਹ ਸ਼ਬਦ ਆਇਆ —'ਖਾਕ ਨੂਰ ਕਰੰਦ ਆਲਮ ਦੁਨੀਆਂ ਥੀ।' ਵਿਰੋਧੀਆਂ ਦੇ ਇਤਰਾਜ਼ ਕਰਨ 'ਤੇ ਪਾਦਸ਼ਾਹ ਨੇ ਇਕ ਹੋਰ ਥਾਂ ਤੋਂ ਪੜ੍ਹਣ ਲਈ ਕਿਹਾ, ਜਿਥੇ ਇਹ ਸ਼ਬਦ ਆਇਆ—'ਅਲਹ ਅਗਮ ਖੁਦਾਈ ਬੰਦੇ...', ਅਤੇ ਤੀਜੀ ਵਾਰ—'ਕੋਈ ਬੋਲੇ ਰਾਮ ਕੋਈ ਖੁਦਾਇ...', ਸ਼ਬਦ ਆਇਆ। ਇਸ ਤਰ੍ਹਾਂ ਬਾਦਸ਼ਾਹ ਨੂੰ ਨਿਸਚਾ ਹੋ ਗਿਆ ਕਿ ਇਸ ਗ੍ਰੰਥ ਵਿਚ ਪਰਮਾਤਮਾ ਦੀ ਮਹਿਮਾਂ ਤੇ ਸੱਚੇ ਉਪਦੇਸ਼ ਤੋਂ ਬਿਨਾਂ ਹੋਰ ਕੁਝ ਨਹੀਂ ਤੇ ਚੁਗਲਖ਼ੋਰ ਝੂਠੇ ਹਨ। ਬਾਦਸ਼ਾਹ ਨੇ 51 ਮੋਹਰਾਂ ਗ੍ਰੰਥ ਸਾਹਿਬ ਦੀ ਭੇਟ ਕੀਤੀਆਂ, ਸਿੱਖਾਂ ਨੂੰ ਦੁਸ਼ਾਲੇ ਤੇ ਗੁਰੂ ਜੀ ਵਾਸਤੇ ਖਿਲੱਤ ਦੇ ਕੇ ਵਿਦਾ ਕੀਤਾ।[74] ਭਾਈ ਵੀਰ ਸਿੰਘ ਨੇ 'ਖ਼ੁਲਾਸਹਤੁਤ ਤਵਾਰੀਖ਼' ਦਾ ਹਵਾਲਾ ਦਿੰਦਿਆਂ ਇਸ ਘਟਨਾ ਦਾ ਸੰਬੰਧ ਅਕਬਰ ਦੇ ਸਰਹੰਦ ਦੀ ਮੁਹਿੰਮ ਤੋਂ ਮੁੜਣ ਉਪਰੰਤ ਦਸਿਆ ਹੈ ਜੋ 1655-56 ਬਿ. ਬਣਦਾ ਹੈ।[75] ਇਸ ਸਮੇਂ ਆਦਿ ਗ੍ਰੰਥ ਦਾ ਸੰਕਲਨ ਨਹੀਂ ਸੀ ਹੋਇਆ ਪਰ ਗੁਰਬਾਣੀ ਪੋਥੀਆਂ ਦੇ ਰੂਪ ਵਿਚ ਗੋਇੰਦਵਾਲ ਮੌਜੂਦ ਸੀ। ਸ਼ਾਇਦ ਇਹੋ ਪੋਥੀਆਂ ਬਟਾਲੇ ਭੇਜੀਆਂ ਗਈਆਂ ਹੋਣ।

8300

ਧਰਮ ਪ੍ਰਚਾਰ ਤੇ ਯਾਤ੍ਰਾ : ਭਾਵੇਂ ਭਾਈ ਗੁਰਦਾਸ ਇਸ ਸਮੇਂ ਕਈ ਪ੍ਰਮੁਖ ਕਾਰਜਾਂ ਲਈ ਵਧੇਰੇ ਅੰਮ੍ਰਿਤਸਰ ਹੀ ਰਹੇ ਪਰ ਫਿਰ ਵੀ ਉਹ ਧਰਮ ਪ੍ਰਚਾਰ ਹਿਤ ਕਈ ਥਾਵਾਂ ਦਾ ਰਟਨ ਕਰਦੇ ਰਹਿੰਦੇ ਸਨ। ਕਾਜ਼ੀ ਰਾਏ ਦੇ ਸੱਦੇ 'ਤੇ ਜੰਮੂ ਤੇ ਕਸ਼ਮੀਰ ਦੀਆਂ ਸੰਗਤਾਂ ਦੀ ਦਰਸ਼ਨ-ਅਭਿਲਾਸ਼ਾ ਨੂੰ ਪੂਰੀ ਕਰਨ ਲਈ, ਗੁਰੂ ਜੀ ਦੀ ਆਗਿਆ ਨਾਲ "ਪਿਸ਼ਾਵਰ, ਕਾਬਲ, ਕੰਧਾਰ ਦੇ ਅਸਥਾਨਾਂ ਉਤੇ ਪੁੱਜੇ। ਗੁਰਸਿੱਖੀ ਦਾ ਪ੍ਰਚਾਰ ਕੀਤਾ, ਗੁਰਬਾਣੀ ਇਕੱਠੀ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜ਼ਮਾਨੇ ਵਿਚ ਭਾਈ ਸਾਹਿਬ ਨੂੰ ਜਲਦੀ ਜਲਦੀ ਕਈ ਇਲਾਕਿਆਂ ਵੱਲ ਦੌਰੇ ਕਰਨੇ ਪਏ ਜਿਵੇਂ ਸਿੰਧ, ਕਸ਼ਮੀਰ, ਬਨਾਰਸ, ਆਗਰੇ, ਉਜੈਨ ਅਤੇ ਬਰਹਾਨਪੁਰ ਆਦਿਕ"।[76]

ਇਸ ਸਮੇਂ ਉਸਾਰੀ ਦੇ ਕਈ ਕਾਰਜ ਵੀ ਪ੍ਰਗਤੀ ਵਿਚ ਸਨ। ਇਸ ਸਮੇਂ ਹੀ ਸਤਿਗੁਰ ਜੀ "ਸਰਬ ਸਾਂਝੇ ਅਸਥਾਨ ਸ੍ਰੀ ਅੰਮ੍ਰਿਤ ਸਰੋਵਰ ਨੂੰ ਪੱਕਿਆਂ ਕਰਵਾ ਅਤੇ ਗੁਰੂ ਬਜ਼ਾਰ, ਸ੍ਰੀ ਹਰਿਮੰਦਰ ਸਾਹਿਬ, ਤਰਨ ਤਾਰਨ, ਕਰਤਾਰਪੁਰ ਅਤੇ ਛਿਹਰਟਾ ਆਦਿਕ ਅਸਥਾਨ ਬਣਵਾ ਰਹੇ ਸਨ ਜਿਸ ਕਰਕੇ ਭਾਈ ਗੁਰਦਾਸ ਜੀ ਨੂੰ ਚੀਜ਼ਾਂ ਵਸਤਾਂ ਤੇ ਲੱਕੜਾਂ ਆਦਿ ਸਮਾਨ ਦੂਰੋਂ ਨੇੜਿਓਂ ਜਾਂ ਦੇਸ਼ਾਂ ਦੇਸ਼ਾਂਤਰਾਂ ਵਿਚੋਂ ਖ੍ਰੀਦਣ ਲਈ ਜਾਣਾ ਪੈਂਦਾ ਸੀ"।[77]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ : ਜਦ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆ ਗਿਆ ਤਾਂ "ਸ਼ਹਾਦਤ ਪਾਉਣ ਲਈ ਲਾਹੌਰ ਜਾਣ ਤੋਂ ਪਹਿਲੇ ਹੀ ਵਕਤ ਵਿਚਾਰ ਕੇ ਜੇਠ ਸੰਮਤ 1663 ਬਿ. (ਸੰਨ 1606 ਈ.) ਨੂੰ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦਾ ਤਿਲਕ ਲਾ ਦਿੱਤਾ। ਭਾਈ ਗੁਰਦਾਸ ਜੀ ਨੂੰ ਹੁਕਮ ਹੋਇਆ ਕਿ ਉਹ ਹਰਿਮੰਦਰ ਸਾਹਿਬ ਸੰਭਾਲਣ ਤੇ ਗੁਰੂ ਹਰਿਗੋਬਿੰਦ ਜੀ ਦੀ ਹਜ਼ੂਰੀ ਵਿਚ ਰਹਿਣ।...ਅੰਤ ਨੂੰ ਆਪ ਜੀ ਦੀ ਸ਼ਹਾਦਤ ਹੋਈ ਤਾਂ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਭਾਈ ਬੁੱਢਾ ਜੀ ਨੇ ਕੀਤਾ ਅਤੇ ਅਰਦਾਸਾ ਭਾਈ ਗੁਰਦਾਸ ਜੀ ਨੇ ਸੋਧਿਆ"।[78]

ਡਾ. ਤਾਰਨ ਸਿੰਘ ਅਨੁਸਾਰ, "1606 ਵਿਚ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਹੋਈ। ਇਕ ਲਿਖਾਰੀ ਨੇ ਕਿਹਾ ਹੈ ਕਿ ਭਾਈ ਗੁਰਦਾਸ ਇਤਨੇ ਉਦਾਸ ਹੋ ਗਏ ਕਿ ਆਪ ਸੰਸਾਰ ਤਿਆਗ ਕੇ ਪਹਾੜਾਂ ਵਿਚ ਚਲੇ ਗਏ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨੂੰ ਜ਼ੋਰ ਪਾ ਕੇ ਵਾਪਸ ਮੰਗਵਾਇਆ"।[79]

ਅਵੱਸ਼ ਹੀ ਭਾਈ ਗੁਰਦਾਸ ਦੇ ਮਨ 'ਤੇ ਇਸ ਸ਼ਹਾਦਤ ਦਾ ਬੜਾ ਗਹਿਰਾ ਪ੍ਰਭਾਵ ਪਿਆ ਹੋਵੇਗਾ ਤੇ ਇਸ ਵੇਗ ਵਿਚ ਉਨ੍ਹਾਂ ਦਾ ਹਿਰਦਾ ਪੰਘਰ ਕੇ ਕਾਵਿ-ਰਚਨਾ ਦੇ ਸ਼ਬਦਾਂ ਵਿਚ ਢਲ ਗਿਆ ਜਾਪਦਾ ਹੈ। ਇਹ ਪਾਉੜੀ ਭਾਈ ਸਾਹਿਬ ਦੀ ਮਨੋਦਸ਼ਾ ਦਾ ਹੀ ਪ੍ਰਤੀਬਿੰਬ ਹੈ :

ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
ਸਬਦੁ ਸੁਰਤ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ। 24/23

(ਹ) ਗੁਰੂ ਹਰਗੋਬਿੰਦ ਜੀ (1606-1644 ਈ.) :

ਗੁਰੂ ਹਰਿਗੋਬਿੰਦ ਜੀ ਦਾ ਬਚਪਨ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਦੀ ਦੇਖ ਭਾਲ ਹੇਠ ਹੀ ਬੀਤਿਆ। ਜਦ ਗੁਰੂ ਹਰਿਗੋਬਿੰਦ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ, ਉਸ ਸਮੇਂ ਤੱਕ ਭਾਈ ਗੁਰਦਾਸ ਭਾਵੇਂ ਬਹੁਤ ਬ੍ਰਿਧ ਹੋ ਗਏ ਸਨ ਪਰ ਫਿਰ ਵੀ ਉਹ ਗੁਰੂ-ਘਰ ਦੀ ਸੇਵਾ ਵਿਚ ਕ੍ਰਿਆਸ਼ੀਲ ਰਹੇ।

ਸ਼ਸਤ੍ਰ ਪ੍ਰਸਿਖਿਆ ਵਿਚ ਯੋਗਦਾਨ : ਗੁਰੂ ਹਰਿਗੋਬਿੰਦ ਜੀ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਣ ਕੇ 1606 ਈ. ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਧਰਮ ਦੀ ਰੱਖਿਆ ਤੇ ਜ਼ੁਲਮ ਦੇ ਨਾਸ਼ ਲਈ ਸਿੱਖਾਂ ਅੰਦਰ ਬੀਰਤਾ ਦੀ ਰੌਂਅ ਨੇ ਪ੍ਰਵੇਸ਼ ਕੀਤਾ। ਇਸ ਤਰ੍ਹਾਂ ਭਾਈ ਗੁਰਦਾਸ ਨੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ "ਸਿੱਖਾਂ ਨੂੰ ਸ਼ਸਤ੍ਰ ਵਿਦਿਆ ਸਿਖਾਉਣ ਵਾਲੇ ਉਸਤਾਦਾਂ ਨੂੰ ਬੁਲਾਇਆ ਅਤੇ ਪੜਤਾਲਿਆ। ਸਿਖਾਉਣ ਲਈ ਹਵੇਲੀਆਂ, ਮੈਦਾਨ, ਥਾਵਾਂ ਤੇ ਯੋਧੇ ਨਿਯਤ ਕਰ ਕੇ ਵਕਤ ਮੁਕੱਰਰ ਕੀਤੇ। ਬਾਕਾਇਦਾ ਸਿਖਲਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ੁਰੂ ਹੋ ਗਈ। ਦੂਰ ਦੂਰ ਤੋਂ ਸ਼ਸਤ੍ਰ ਮੰਗਵਾਏ ਗਏ। ਕਾਰਖ਼ਾਨੇ ਖੁਲ੍ਹ ਗਏ। ਚੰਗੇ ਸ਼ਸਤ੍ਰ ਬਨਾਉਣ ਵਾਲਿਆਂ ਕਾਰੀਗਰਾਂ ਦੀ ਕਦਰ ਤੇ ਸ਼ਾਨ ਵਧਾਉਣ ਦੇ ਤਰੀਕੇ ਵਰਤੇ।... ਭਾਈ ਸਾਹਿਬ ਜੀ ਨੇ ਤੋਸ਼ੇਖ਼ਾਨੇ ਤਿਆਰ ਕਰਵਾਏ। ਯੋਗ ਥਾਵਾਂ ਤੋਂ ਸ਼ਸਤ੍ਰ ਮੰਗਵਾਉਣ ਲਈ ਪੱਤ੍ਰ ਲਿਖੇ"।[80] ਇਸ ਤਰ੍ਹਾਂ ਸਿੱਖ ਧਰਮ ਆਪਣੇ ਅਧਿਆਤਮਕ ਸੰਤ-ਸਰੂਪ ਦੇ ਨਾਲ ਹੀ, ਸਮੇਂ ਦੀ ਲੋੜ ਅਨੁਸਾਰ, ਸੈਨਿਕ-ਪ੍ਰਬੀਨਤਾ ਦਾ ਰੂਪ ਵੀ ਧਾਰਨ ਕਰ ਗਿਆ। ਸੰਮਤ 1665 ਬਿ. (1609 ਈ.) ਨੂੰ ਅਕਾਲ ਤਖ਼ਤ ਦੀ ਸਥਾਪਨਾ ਕੀਤੀ ਗਈ ਤਾਂ ਭਾਈ ਗੁਰਦਾਸ ਜੀ ਇਸ ਦੇ ਪਹਿਲੇ ਜਥੇਦਾਰ ਨਿਯੁਕਤ ਕੀਤੇ ਗਏ।[81]

ਗੁਰੂ ਹਰਿਗੋਬਿੰਦ ਜੀ ਦੇ ਬੀਰ-ਰਸੀ ਜੀਵਨ ਤੇ ਸਰਗਰਮੀਆਂ ਨੂੰ ਵੇਖ ਕੇ ਕੁਝ ਲੋਕਾਂ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਉਤਪੰਨ ਹੋਣ ਲੱਗੇ। ਅਜਿਹੀ ਪਰਿਸਥਿਤੀ ਵਿਚ ਭਾਈ ਗੁਰਦਾਸ ਜੀ ਨੇ ਲੋਕਾ ਨੂੰ "ਸਮਝਾਇਆ ਕਿ ਇਹ ਕੋਈ ਤਬਦੀਲੀ ਨਹੀਂ ਹੋਈ, ਕੋਈ ਵੱਖਰੀ ਗੱਲ ਨਹੀਂ ਹੋਈ। ਕਦਮ ਉਹ ਹੀ ਹੈ, ਰਾਹ ਉਹ ਹੀ ਹੈ, ਸਿਰਫ਼ ਚਾਲ ਬਦਲੀ ਹੈ ਤੇ ਤਿੱਖੀ ਹੋਈ ਹੈ। ਗੁਰੂ ਅਰਜਨ ਜੀ ਨੇ ਕਾਂਇਆਂ ਪਲਟੀ ਹੈ ਤੇ ਗੁਰੂ ਹਰਿਗੋਬਿੰਦ ਬਣਿਆ ਹੈ"।[82] ਅਜਿਹੀ ਪਰਿਸਥਿਤੀ 'ਤੇ ਭਾਈ ਗੁਰਦਾਸ ਵਲੋਂ ਯੋਗ ਉੱਤਰ ਦਾ ਵਿਵਰਣ ਛੱਬੀਵੀਂ ਵਾਰ ਵਿਚ ਵਿਦਮਾਨ ਹੈ।

ਗੁਰੂ ਹਰਿਗੋਬਿੰਦ ਜੀ ਦੇ ਬੰਦੀ-ਜੀਵਨ ਸਮੇਂ ਪ੍ਰਬੰਧ: ਜਦ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਜੀ ਨੂੰ ਦਿੱਲੀ ਬੁਲਾਇਆ ਤਾਂ ਉਹ ਭਾਈ ਗੁਰਦਾਸ ਤੇ ਹੋਰ ਪ੍ਰਮੁਖ ਸਿੱਖਾਂ ਨਾਲ ਸਲਾਹ-ਮਸ਼ਵਰਾ ਕਰ ਕੇ ਦਿੱਲੀ ਜਾਣ ਲਗੇ ਤਾਂ ਗੁਰੂ-ਘਰ ਦਾ ਸਾਰਾ ਕੰਮ-ਕਾਰ ਤੇ ਪ੍ਰਬੰਧ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਸੌਂਪਿਆ ਗਿਆ।[83]

ਗੁਰੂ ਸਾਹਿਬ ਨੇ ਦੋ ਕੁ ਕੋਹ 'ਤੇ ਜਾ ਕੇ ਡੇਰਾ ਕੀਤਾ ਤਾਂ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਸਿੱਖ ਸੰਗਤਾਂ ਸਮੇਤ ਉਥੇ ਪਹੁੰਚੇ ਜਿਥੇ ਗੁਰੂ ਜੀ ਨੇ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਦੀ ਸੇਵਾ, ਲੰਗਰ ਤੇ ਮਾਤਾ ਜੀ ਦੀ ਨਿਗਰਾਨੀ ਤੋਂ ਇਲਾਵਾ ਹਰ ਤਰ੍ਹਾਂ ਸੁਚੇਤ ਰਹਿਣ ਲਈ ਆਖਿਆ।[84]

ਦਿੱਲੀ ਤੋਂ ਜਦ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਰਖਿਆ ਗਿਆ ਤਾਂ ਉਸ ਸਮੇਂ "ਮਾਤਾ ਜੀ ਤੇ ਸਿਆਣਿਆਂ ਨੇ ਕੁਝ ਸਿੱਖਾਂ ਤੇ ਭਾਈ ਗੁਰਦਾਸ ਜੀ ਨੂੰ ਗਵਾਲੀਅਰ ਘੱਲਿਆ। ਗੁਰਦੁਆਰੇ ਤੇ ਸੰਗਤਾਂ ਦੇ ਪ੍ਰਬੰਧ ਲਈ ਬਾਬਾ ਬੁੱਢਾ ਜੀ ਰਹੇ। ਭਾਈ ਜੀ ਉਸ ਪਾਸੇ ਦੇ ਜਾਣੂ ਸਨ। ਆਪ ਪਹਿਲਾਂ ਦਿੱਲੀ ਗਏ। ਸਾਰੇ ਹਾਲ ਪਤਾ ਕਰ ਕੇ ਗਵਾਲੀਅਰ ਗਏ। ਕਿਲ੍ਹੇਦਾਰ 'ਹਰਦਾਸ' ਪਹਿਲਾਂ ਹੀ ਸਤਿਗੁਰ ਦਾ ਸਿੱਖ ਸੀ, ਭਾਈ ਜੀ ਉਸ ਨੂੰ ਮਿਲੇ ਤੇ ਫੇਰ ਸਤਿਗੁਰਾਂ ਦੇ ਦਰਸ਼ਨ ਕੀਤੇ। ਸਾਰੇ ਹਾਲ ਸਮਝ ਕੇ ਤੇ ਸਲਾਹ-ਮਸ਼ਵਰੇ ਕਰਕੇ ਆਪ ਵਾਪਸ ਆ ਗਏ"।[85] ਜਦ ਬਾਦਸ਼ਾਹ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਬੜੇ ਆਦਰ ਨਾਲ ਗੁਰੂ ਜੀ ਨੂੰ ਵਿਦਾ ਕੀਤਾ।[86] ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਤੋਂ ਦਿੱਲੀ ਵਾਪਸ ਆਏ ਤਾਂ ਪਹਿਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਾਲ ਤਖ਼ਤ ਆਏ, ਏਥੇ ਅਰਦਾਸ ਭਾਈ ਗੁਰਦਾਸ ਜੀ ਨੇ ਕੀਤੀ, ਫਿਰ ਸ੍ਰੀ ਹਰਿਮੰਦਰ ਗਏ ਤਾਂ ਅਰਦਾਸ ਭਾਈ ਬੁੱਢਾ ਜੀ ਨੇ ਕੀਤੀ ।[87]

ਮਿਹਰਬਾਨ ਨੂੰ ਸਮਝਾਉਣ ਦਾ ਯਤਨ : ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਹੀ ਗੁਰੂ-ਘਰ ਦਾ ਵਿਰੋਧੀ ਰਿਹਾ ਸੀ ਅਤੇ ਉਸ ਆਪਣਾ ਸਾਰਾ ਜੀਵਨ ਗੁਰੂ-ਘਰ ਵਿਰੁਧ ਚਾਲਾਂ ਚਲਦਿਆਂ ਹੀ ਵਿਅਰਥ ਗੁਆ ਦਿੱਤਾ । ਪ੍ਰਿਥੀ ਚੰਦ ਦੀ ਮੌਤ ਪਿਛੋਂ "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਤਨ ਕੀਤਾ ਕਿ ਪ੍ਰਿਥੀ ਚੰਦ ਦਾ ਮ੍ਰਿਤਕ ਸੰਸਕਾਰ ਗੁਰਮਰਯਾਦਾ ਅਨੁਸਾਰ ਹੋਵੇ । ਸਿੱਖ ਭੇਜੇ ਪਰ ਉਸ ਦੇ ਪਰਵਾਰ ਨੇ ਗੁੱਸੇ ਨਾਲ ਕੋਝੇ ਸ਼ਬਦਾਂ ਵਿਚ 'ਨਾਂਹ' ਕੀਤੀ । ਫਿਰ ਗੁਰਦੇਵ ਜੀ ਨੇ ਪ੍ਰਿਥੀਏ ਨਮਿਤ ਭਾਈ ਗੁਰਦਾਸ ਜੀ ਦੀ ਸਪੁਰਦਗੀ ਵਿਚ ਹਰਿਮੰਦਰ ਸਾਹਿਬ ਅਖੰਡ ਪਾਠ ਰਖਵਾਇਆ । ਅਰਦਾਸ ਕਰਵਾਈ ਤੇ ਅਕਾਲ ਤਖ਼ਤ ਆਪ ਅਰਦਾਸ ਕੀਤੀ । ਭੋਗ ਦੇ ਸਮੇਂ ਬੁਲਾਉਣ ਉਤੇ ਵੀ ਪ੍ਰਿਥੀ ਚੰਦ ਦਾ ਪਰਿਵਾਰ ਨਾ ਪੁੱਜਾ, ਕਈ ਕੁ-ਬਚਨ ਕਹੇ । ਭਾਈ ਗੁਰਦਾਸ ਜੀ ਨੇ ਵੇਖਿਆ ਕਿ ਪ੍ਰਿਥੀ ਚੰਦ ਦਾ ਪਰਵਾਰ ਗੁਰੂ-ਘਰ ਵਲੋਂ ਹਮੇਸ਼ਾਂ ਲਈ ਬੇ-ਮੁੱਖ ਹੁੰਦਾ ਜਾ ਰਿਹਾ ਹੈ ਤਾਂ ਆਪ ਦੁਖਿਤ ਹਿਰਦੇ ਨਾਲ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਕੋਲ ਗਏ ਤੇ ਫਿਰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਬਿਰਥਾ ਗਈ । ਨੌ-ਜਵਾਨ ਮਿਹਰਬਾਨ ਦਾ ਹਿਰਦਾ ਤਾਂ ਭਾਈ ਸਾਹਿਬ ਜੀ ਅੱਗੇ ਪਿੱਘਲ ਗਿਆ ਸੀ ਪਰ ਪ੍ਰਿਥੀ ਚੰਦ ਦੇ ਘਰੋਂ ਕਰਮ ਕੌਰ ਨੇ ਕੋਈ ਪੱਟੀ ਨਾ ਬੰਨ੍ਹਣ ਦਿੱਤੀ" ।[88]

ਗੁਰੂ ਹਰਿਗੋਬਿੰਦ ਦੀ ਯਾਤ੍ਰਾ ਸਮੇਂ ਸੇਵਾ ਤੇ ਪ੍ਰਬੰਧ : ਜਦ ਗੁਰੂ ਹਰਿਗੋਬਿੰਦ ਜੀ ਆਪਣੇ ਪਰਿਵਾਰ ਨੂੰ ਡਰੋਲੀ ਛੱਡ ਕੇ ਆਪ ਨਾਨਕ ਮੱਤੇ ਦੀ ਹੋਈ ਬੇਅਦਬੀ ਨੂੰ ਰੋਕਣ ਤੇ ਪ੍ਰਬੰਧ ਕਰਨ ਲਈ ਗਏ ਤਾਂ ਅੰਮ੍ਰਿਤਸਰ ਦਾ ਪ੍ਰਬੰਧ ਭਾਈ ਗੁਰਦਾਸ ਤੇ ਹੋਰ ਗੁਰਸਿਖਾਂ ਨੂੰ ਸੌਂਪਿਆ ਗਿਆ ।[89] ਵਾਪਸੀ ਸਮੇਂ ਗੁਰੂ ਸਾਹਿਬ ਨੂੰ ਡਰੋਲੀ ਕੁਝ ਦੇਰ ਲੱਗ ਗਈ ਤਾਂ "ਭਾਈ ਗੁਰਦਾਸ ਆਦਿ ਸਿਖਾਂ ਦੇ ਪ੍ਰੇਰਣ 'ਤੇ ਭਾਈ ਬੁੱਢੇ ਨੇ ਸਤਿਗੁਰੂ ਜੀ ਨੂੰ ਚਿੱਠੀ ਲਿਖੀ ਤੇ ਭਾਈ ਬੁੱਢਾ ਜੀ ਨੇ ਰਹਰਾਸ ਦੇ ਮਗਰੋਂ ਚਾਰ ਘੜੀ ਰਾਤ ਗਈ ਤੱਕ ਸ੍ਰੀ ਹਰਿਮੰਦਰ ਵਿਚ ਚੌਂਕੀ ਸਾਹਿਬ ਦੀ ਰਸਮ ਤੋਰੀ, ਇਸ ਵਿਚ ਵੀ ਭਾਈ ਗੁਰਦਾਸ ਜੀ ਸ਼ਾਮਲ ਜਾਪਦੇ ਹਨ" ।[90] ਜਦ ਗੁਰੂ ਸਾਹਿਬ ਵਾਪਸ ਆਏ ਤਾਂ ਭਾਈ ਗੁਰਦਾਸ ਦੀ ਅਗਵਾਈ ਹੇਠ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਜਿਸ 'ਤੇ ਗੁਰੂ ਸਾਹਿਬ ਨੇ ਭਾਈ ਜੀ ਦੀ ਬੜੀ ਪ੍ਰਸੰਸਾ ਕੀਤੀ ।[91]

ਜਦ ਗੁਰੂ ਜੀ ਕਸ਼ਮੀਰ ਗਏ ਤਾਂ ਮਗਰੋਂ ਸਾਰਾ ਪ੍ਰਬੰਧ ਭਾਈ ਗੁਰਦਾਸ ਨੇ ਹੀ ਸੰਭਾਲਿਆ ।[92] 26 ਜੇਠ 1685 ਬਿਕ੍ਰਮੀ ਨੂੰ ਝਬਾਲਪੁਰ ਵਿਚ ਬੀਬੀ ਵੀਰੋ ਦੀ ਸ਼ਾਦੀ ਕਰਨ ਉਪਰੰਤ ਗੁਰੂ ਜੀ ਪਰਿਵਾਰ ਸਮੇਤ ਤਰਨ ਤਾਰਨ, ਖਡੂਰ ਸਾਹਿਬ ਹੁੰਦੇ ਹੋਏ ਗੋਇੰਦਵਾਲ ਚਲੇ ਗਏ ਤੇ ਗੋਇੰਦਵਾਲ ਦਸ ਕੁ ਦਿਨ ਠਹਿਰ ਕੇ ਪਰਿਵਾਰ ਨੂੰ ਉਥੇ ਛੱਡ ਕੇ ਆਪ ਕਰਤਾਰਪੁਰ ਚਲੇ ਗਏ ।[93] ਇਸ ਸਮੇਂ ਵੀ "ਭਾਈ ਜੀ ਪਿੱਛੇ ਸ੍ਰੀ ਹਰਿਮੰਦਰ ਦੀ ਸੇਵਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗਤਾਂ ਦੀ ਸੰਭਾਲ ਵਾਸਤੇ ਰਹੇ'' ।[94]

ਸ੍ਰੀ ਹਰਿਗੋਬਿੰਦਪੁਰ ਵਿਚ ਨਿਵਾਸ : ਸੰਮਤ 1687 ਬਿਕ੍ਰਮੀ (1630 ਈ.)[95] ਵਿਚ ਗੁਰੂ ਹਰਿਗੋਬਿੰਦ ਜੀ ਨੇ ਭਗਵਾਨ ਦਾਸ ਘਰੇੜ ਖੱਤ੍ਰੀ ਪਾਸੋਂ ਗੁਰੂ ਅਰਜਨ ਦੇਵ ਜੀ ਦੇ ਵਸਾਏ ਨਗਰ ਸ੍ਰੀ ਗੋਬਿੰਦਪੁਰ ਨੂੰ ਵਾਪਸ ਲੈ ਕੇ ਹਰਿਗੋਬਿੰਦਪੁਰ ਨਾਂ ਨਾਲ ਇਸ ਦਾ ਪੁਨਰ-ਨਿਰਮਾਣ ਕੀਤਾ ਤਾਂ "ਗੁਰੂ ਜੀ ਨੇ ਹਰਿਗੋਬਿੰਦਪੁਰ ਦੀ ਚਾਰ-ਦੀਵਾਰੀ ਨੂੰ ਮੁਕੰਮਲ ਕਰਕੇ ਦੀਵਾਨ ਸਜਾਇਆ ਤੇ ਲੰਗਰ ਕੀਤਾ । ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਬੁਲਵਾਕੇ ਜੋੜ-ਮੇਲੇ ਕੀਤੇ'' ।[96] ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਇਸ ਅਵਸਰ 'ਤੇ "ਸਤਿਗੁਰਾਂ ਨੇ ਬਹੁਤ ਸਨਮਾਨ ਦਿੱਤਾ, ਸਾਰੇ ਸਫ਼ਰ ਦਾ ਤੇ ਜੰਗ ਦਾ ਹਾਲ ਸੁਣਾਇਆ ਤੇ ਆਪ ਸਤਿਗੁਰ ਜੀ ਨੇ ਨਾਲ ਫਿਰ ਕੇ ਨਵੀਂ ਆਬਾਦੀ ਦਿਖਾਈ ।...ਫਿਰ ਬਾਬਾ ਜੀ ਆਪਣੇ ਪਿੰਡ ਰਾਮਦਾਸ ਨੂੰ ਵਿਦਾ ਹੋ ਗਏ ਤੇ ਬਿਨੈ ਕਰ ਗਏ ਕਿ ਮੇਰਾ ਸਰੀਰ ਹੁਣ ਬ੍ਰਿਧ ਹੋ ਰਿਹਾ ਹੈ, ਜਦੋਂ ਮੇਰਾ ਅੰਤ ਸਮਾਂ ਆਵੇ, ਮੈਨੂੰ ਦਰਸ਼ਨ ਦੇਣੇ । ਭਾਈ ਗੁਰਦਾਸ ਜੀ ਫੇਰ ਗੁਰੂ ਜੀ ਦੇ ਪਾਸ ਇੱਥੇ ਹੀ ਰਹੇ । ਇਥੇ ਕੀਰਤਨ, ਕਥਾ, ਸਤਿਸੰਗ, ਗੁਰ ਉਪਦੇਸ਼ ਆਦਿ ਆਤਮ ਰੰਗ ਬੱਝਦੇ ਰਹੇ'' ।[97] ਸਤਿਗੁਰ ਦੇ ਆਦੇਸ਼ ਅਨੁਸਾਰ ਭਾਈ ਗੁਰਦਾਸ ਨੇ ਬਟਾਲੇ ਤੋਂ ਆਏ ਵਿਦਵਾਨ ਪੰਡਤ ਨਿਤਯਾਨੰਦ ਦੇ ਭ੍ਰਮ ਦੀ ਨਵ੍ਰਿਤੀ ਕੀਤੀ ਜੋ ਬਾਅਦ ਵਿਚ "ਗੁਰੂ ਹਰਿਗੁਬਿੰਦ ਸਾਹਿਬ ਦਾ ਸਿੱਖ ਹੋ ਕੇ ਪ੍ਰਚਾਰਕ ਬਣਿਆ'' ।[98]

ਕੁਝ ਸਮਾਂ ਬਾਅਦ ਬਾਬਾ ਬੁੱਢਾ ਜੀ ਦੇ ਸੰਦੇਸ ਅਨੁਸਾਰ ਭਾਈ ਗੁਰਦਾਸ ਸਤਿਗੁਰੂ ਤੇ ਹੋਰ ਗੁਰਸਿੱਖਾਂ ਨਾਲ ਰਾਮਦਾਸ ਪੁਰੇ ਪਹੁੰਚੇ ਅਤੇ ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਉਪਰੰਤ ਬਾਬਾ ਜੀ ਦੇ ਨਮਿੱਤ ਪਾਠ ਭਾਈ ਗੁਰਦਾਸ ਨੇ ਹੀ ਕੀਤਾ ।[99]

ਹਰਿਗੁਬਿੰਦਪੁਰ ਨਿਵਾਸ ਸਮੇਂ ਹੀ ਪੱਟੀ ਦੀ ਰਹਿਣ ਵਾਲੀ ਇਕ ਜੱਟੀ ਦੇਸਾਂ ਸੰਤਾਨ ਦੀ ਇੱਛਾ ਨਾਲ ਗੁਰੂ ਹਰਿਗੋਬਿੰਦ ਜੀ ਪਾਸ ਆਈ[100] ਅਤੇ ਭਾਈ ਗੁਰਦਾਸ ਦੀ ਦੱਸੀ ਯੁਕਤੀ ਅਨੁਸਾਰ ਇੱਕ ਦੀ ਥਾਂ ਸੱਤ ਪੁਤ੍ਰਾਂ ਦੀ ਦਾਤ ਪ੍ਰਾਪਤ ਕੀਤੀ ।[101] ਇਸ ਤਰ੍ਹਾਂ ਹਰਿਗੋਬਿੰਦਪੁਰ ਰਹਿੰਦਿਆਂ ਭਾਈ ਗੁਰਦਾਸ ਗੁਰਸਿੱਖੀ ਦੇ ਪ੍ਰਚਾਰ ਤੇ ਗੁਰੂ-ਘਰ ਨਾਲ ਸੰਬੰਧਿਤ ਕਾਰਜਾਂ ਵਿਚ ਪੂਰੀ ਤਰ੍ਹਾਂ ਕ੍ਰਿਆ-ਸ਼ੀਲ ਰਹੇ ।

ਕਾਬਲ ਜਾਣ ਦੀ ਘਟਨਾ : ਹਰਿਮੰਦਰ ਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਪਰਲੋਕ ਸੁਧਾਰ ਚੁੱਕੇ ਸਨ ਤੇ "ਸਤਿਗੁਰ ਜੀ ਦੇ ਹੁਕਮ ਅਨੁਸਾਰ ਭਾਈ ਗੁਰਦਾਸ ਨੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੀ ਸੇਵਾ, ਜੋ ਮਹਾਨ ਉੱਚੀ ਤੇ ਪਰਮ ਪਾਵਣ ਸਮਝੀ ਜਾਂਦੀ ਸੀ, ਸੰਭਾਲੀ'' ।[102] ਇਸ ਸੇਵਾ ਉਤੇ ਨਿਯੁਕਤ ਹੋਣ ਉਪਰੰਤ ਭਾਈ ਸਾਹਿਬ ਨੇ ਹਰਿਮੰਦਰ ਸਾਹਿਬ ਵਿਚ ਕਥਾ ਕੀਰਤਨ ਤੇ ਗੁਰਮਤਿ ਚਰਚਾ ਦਾ ਪ੍ਰਵਾਹ ਨਿਰੰਤਰ ਜਾਰੀ ਰੱਖਿਆ । ਇਕ ਵਾਰ ਦੀਪਾਵਲੀ ਸਮੇਂ ਗੁਰਸਿੱਖਾਂ ਵਿਚਕਾਰ ਸਿੱਖੀ ਸਿਦਕ ਦੀ ਚਰਚਾ ਹੋ ਰਹੀ ਸੀ ਤੇ ਸਿੱਖਾਂ ਦਾ ਮੱਤ ਸੀ ਕਿ 'ਭਾਵੇਂ ਕੋਈ ਕਿੰਨਾ ਵੀ ਸਿਦਕਵਾਨ ਹੋਵੇ, ਡੋਲ ਹੀ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਪ੍ਰਭੂ ਦੀ ਲੀਲਾ ਬੜੀ ਨਿਆਰੀ ਹੈ'। ਇਹ ਸੁਣ ਕੇ ਭਾਈ ਸਾਹਿਬ ਨੇ ਬੜੇ ਆਤਮ ਵਿਸ਼ਵਾਸ ਨਾਲ ਕਿਹਾ ਕਿ 'ਕੱਚੇ ਸਿੱਖ ਡੋਲਦੇ ਹਨ, ਪੱਕੇ ਨਹੀਂ'। ਆਪਣੇ ਕਥਨ ਦੀ ਪੁਸ਼ਟੀ ਲਈ ਭਾਈ ਗੁਰਦਾਸ ਨੇ—'ਜੇ ਗੁਰ ਸਾਂਗਿ ਵਰਤਦਾ ਸਿੱਖ ਸਿਦਕੁ ਨ ਹਾਰੇ।' —(35/20)—ਵਾਲੀ ਪਉੜੀ ਉਚਾਰੀ। ਜਦ ਗੁਰੂ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਸਮਝਿਆ ਕਿ 'ਭਾਈ ਜੀ ਦੇ ਮਨ ਵਿਚ ਸੂਖਮ ਜਹੀ ਹਉਮੈਂ ਦੀ ਭਾਵਨਾ ਵਿਦਮਾਨ ਹੈ, ਜਿਸ ਨੂੰ ਦੂਰ ਕਰਨਾ ਸਾਡਾ ਫ਼ਰਜ਼ ਹੈ'।[103]

ਕੁਝ ਸਮਾਂ ਬਾਅਦ ਗੁਰੂ ਸਾਹਿਬ ਨੇ ਭਾਈ ਗੁਰਦਾਸ ਤੇ ਕੁਝ ਹੋਰ ਗੁਰਸਿੱਖਾਂ ਨੂੰ ਬਹੁਤ ਸਾਰੀ ਮਾਇਆ ਦੇ ਕੇ ਘੋੜੇ ਖ਼ਰੀਦਣ ਲਈ ਕਾਬਲ ਭੇਜਿਆ।[104] ਉਥੇ ਜਾ ਕੇ ਕੁਝ ਘੋੜਿਆਂ ਦਾ ਸੌਦਾ ਹੋ ਗਿਆ ਪਰ ਜਦੋਂ ਸੌਦਾਗਰਾ ਨੂੰ ਰਕਮ ਤਾਰਨ ਲਈ ਭਾਈ ਸਾਹਿਬ ਤੰਬੂ ਵਿਚ ਗਏ ਤਾਂ ਉਥੇ ਅਸ਼ਰਫ਼ੀਆਂ ਦੀ ਥਾਂ ਉਨ੍ਹਾਂ ਨੂੰ ਠੀਕਰੀਆਂ ਦਾ ਢੇਰ ਹੀ ਨਜ਼ਰ ਆਇਆ। ਭਾਈ ਜੀ ਦਾ ਸਿਰ ਚਕਰਾ ਗਿਆ ਤੇ ਉਹ ਨਮੋਸ਼ੀ ਦੇ ਮਾਰੇ ਤੰਬੂ ਪਾੜ ਕੇ ਉਥੋਂ ਨੱਸ ਗਏ। ਜਦ ਉਹ ਕਿੰਨਾ ਚਿਰ ਬਾਹਰ ਨਾ ਆਏ ਤਾਂ ਬਾਕੀ ਸਿੱਖ ਅੰਦਰ ਗਏ ਤੇ ਉਨ੍ਹਾਂ ਨੇ ਵੇਖਿਆ ਕਿ ਅਸ਼ਰਫ਼ੀਆਂ ਦਾ ਢੇਰ ਪਿਆ ਹੈ, ਤੰਬੂ ਪਿਛਲੇ ਪਾਸਿਓਂ ਫਟਿਆ ਹੈ ਤੇ ਭਾਈ ਗੁਰਦਾਸ ਗ਼ਾਇਬ ਹਨ। ਘੋੜਿਆਂ ਦਾ ਮੁੱਲ ਤਾਰ ਕੇ ਸਿੱਖ ਘੋੜੇ ਲੈ ਕੇ ਗੁਰੂ ਜੀ ਪਾਸ ਪਹੁੰਚੇ ਤੇ ਉਨ੍ਹਾਂ ਨੂੰ ਸਾਰੀ ਘਟਨਾ ਬਾਰੇ ਦੱਸਿਆ। ਗੁਰੂ ਜੀ ਮੁਸਕਰਾਏ ਤੇ ਚੁੱਪ ਕਰ ਰਹੇ।

ਉੱਧਰ ਕਾਬਲੋਂ ਨੱਸ ਕੇ ਭਾਈ ਗੁਰਦਾਸ ਕਾਂਸ਼ੀ ਪਹੁੰਚੇ ਤੇ ਇਕ ਗੁਰਸਿੱਖ ਦੇ ਘਰ ਸ਼ਰਨ ਲਈ। ਉਥੇ ਰਹਿੰਦਿਆਂ ਗੁਰਸਿੱਖੀ ਦੇ ਪ੍ਰਚਾਰ ਦਾ ਪਵਿੱਤ੍ਰ ਕਾਰਜ ਨਿਰੰਤਰ ਜਾਰੀ ਰੱਖਿਆ, ਕਾਂਸ਼ੀ ਦੇ ਰਾਜੇ ਸਮੇਤ ਸੱਤ ਸੌ ਸਿੱਖਾਂ ਨੂੰ ਗੁਰੂ-ਘਰ ਦਾ ਸੇਵਕ ਬਣਾ ਲਿਆ।[105] ਅਤੇ ਗੁਰਸਿੱਖੀ ਨੂੰ ਦੂਰ ਦੂਰ ਤੱਕ ਫੈਲਾਇਆ।[106] ਕਥਾ, ਕੀਰਤਨ ਤੇ ਗੋਸਟੀਆਂ ਦਾ ਪ੍ਰਵਾਹ ਚਲਦਾ ਰਹਿੰਦਾ। ਅਜਿਹੀਆਂ ਗੋਸ਼ਟੀਆਂ ਵਿਚ ਅਭਿਵਿਅਕਤ ਵਿਚਾਰਾਂ ਨੂੰ ਭਾਈ ਸਾਹਿਬ ਨੇ ਕਬਿੱਤ-ਸਵੱਯਾਂ ਦੇ ਰੂਪ ਵਿਚ ਕਾਵਿ-ਬੱਧ ਵੀ ਕੀਤਾ। ਜਦ ਕੁਝ ਵਿਦਵਾਨਾਂ ਨੇ ਭਾਈ ਗੁਰਦਾਸ ਦੀ ਭਾਉ ਭਗਤੀ ਨੂੰ ਬੰਧਨ ਦਾ ਕਾਰਣ ਦੱਸਿਆ, ਤਾਂ ਭਾਈ ਸਾਹਿਬ ਨੇ ਉਨ੍ਹਾਂ ਵਿਚਾਰਾਂ ਦਾ ਖੰਡਨ ਕਰਦਿਆਂ, ਗੁਰੂ ਤੇ ਸਿੱਖ ਦੇ ਰਾਗਾਤਮਕ ਸੰਬੰਧ ਦਾ ਚਿਤ੍ਰਣ ਇਸ ਤਰ੍ਹਾਂ ਕੀਤਾ :

ਜੈਸੇ ਬਛੁਰਾ ਬਿਛੁਰ ਪਰੇ ਆਨ ਗਾਇ ਥਨ,
ਦੁਗਧ ਨਾ ਪਾਨ ਕਰੈ ਮਾਰਤ ਹੈ ਲਾਤ ਕੀ।
ਜੈਸੇ ਮਾਨਸਰ ਤਿਆਗਿ ਹੰਸ ਆਨ ਸਰ ਜਾਤ,
ਖਾਤ ਨਾ ਮੁਕਤਾ ਫਲ ਭੁਗਤ ਜੁ ਗਾਤ ਕੀ।
ਜੈਸੇ ਰਾਜ ਦੁਆਰ ਤਜਿ ਆਨ ਦੁਆਰ ਜਾਤੁ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨੁ ਹੋਤ ਮਾਨ ਭੰਗੁ ਮਹਿਮਾ ਨ ਕਾਹੂ ਬਾਤ ਕੀ ।
ਤੈਸੇ ਗੁਰ ਸਿਖ ਆਨ ਦੇਵ ਕੀ ਸਰਨਿ ਜਾਤਿ,
ਰਹਿਓ ਨ ਪਰਤ ਰਾਖਿ ਸਕਤ ਨਾ ਪਾਤਕੀ ॥441॥

ਇਸੇ ਭਾਵ ਦਾ ਪ੍ਰਦਰਸ਼ਨ ਹੋਰ ਦ੍ਰਿਸ਼ਟਾਂਤ ਦੁਆਰਾ ਵੀ ਕੀਤਾ ਹੈ, ਜਿਵੇਂ :

ਜੈਸੇ ਘਨ ਘੋਰ ਮੋਰ ਚਾਤ੍ਰਿਕ ਸਨੇਹ ਗਤਿ,
ਬਰਖਾ ਮੇਹ ਅਸਨੇਹ ਕੈ ਦਿਖਾਵਈ ।
ਜੈਸੇ ਤਉ ਕਮਲ ਜਲ ਅੰਤਰਿ ਦਿਸੰਤਰਿ ਹੁਇ,
ਮਧੁਕਜ ਦਿਨਕਰ ਹੇਤ ਉਪਜਾਵਈ ।
ਦਾਦਰ ਨਿਰਾਦਰ ਹੁਇ ਜੀਅਤ ਪਵਨ ਭਖਿ,
ਜਲਿ ਤਜਿ ਮਰਤ ਨਾ ਪ੍ਰੇਮਹਿ ਲਜਾਵਈ ।
ਕਪਟ ਸਨੇਹੀ ਤੈਸੇ ਆਨ ਦੇਵ ਸੇਵਕੁ ਹੈ,
ਗੁਰਸਿੱਖ ਮੀਨ ਜਲ ਹੇਤ ਠਹਿਰਾਵਈ ॥442॥[107]

ਜਦ ਕਾਂਸ਼ੀ ਦੇ ਪੰਡਿਤਾਂ ਨੇ 'ਵਾਹਿਗੁਰੂ' ਨਾਂ ਦੀ ਵਿਸ਼ੇਸ਼ਤਾ ਬਾਰੇ ਪੁੱਛਿਆ ਤਾਂ ਭਾਈ ਸਾਹਿਬ ਨੇ ਸੰਸਕ੍ਰਿਤ ਦੇ ਛੇ ਸਲੋਕਾਂ ਰਾਹੀਂ 'ਵਾਹਿਗੁਰੂ' ਸ਼ਬਦ ਦਾ ਵਿਸ਼ਲੇਸ਼ਣ ਕਰਕੇ ਪੰਡਿਤਾਂ ਨੂੰ ਸੰਤੁਸ਼ਟ ਕੀਤਾ ਤੇ ਉਨ੍ਹਾਂ ਦੀ ਪ੍ਰਸੰਸਾ ਦਾ ਪ੍ਰਾਤ੍ਰ ਬਣੇ ।[108]

ਇਹ ਸਭ ਕੁਝ ਹੁੰਦਿਆਂ ਵੀ ਗੁਰੂ ਸਾਹਿਬ ਤੋਂ ਦੂਰ ਰਹਿ ਕੇ ਭਾਈ ਗੁਰਦਾਸ ਦਾ ਮਨ ਸਦਾ ਹੀ ਵਿਆਕੁਲ ਰਹਿੰਦਾ । ਇਸੇ ਤਰ੍ਹਾਂ ਗੁਰੂ ਜੀ ਵੀ ਆਪਣੇ ਦਰਬਾਰ ਵਿਚ ਭਾਈ ਸਾਹਿਬ ਦੀ ਅਣਹੋਂਦ ਨੂੰ ਕਾਫ਼ੀ ਮਹਿਸੂਸ ਕਰਦੇ ਰਹੇ । ਅਖ਼ੀਰ ਗੁਰੂ ਸਾਹਿਬ ਨੇ ਕਾਂਸ਼ੀ ਦੇ ਰਾਜੇ ਨੂੰ ਸੁਨੇਹਾ ਭੇਜਿਆ ਕਿ ਇਕ ਖ਼ੁਨਾਮੀਆ ਗੁਰਦਾਸ ਉਨ੍ਹਾਂ ਪਾਸ ਹੈ, ਉਸ ਨੂੰ ਭੇਜ ਦਿਓ । ਕਾਂਸ਼ੀ ਤੋਂ ਭਾਈ ਗੁਰਦਾਸ ਨੂੰ ਬੜੇ ਆਦਰ-ਮਾਣ ਨਾਲ ਵਿਦਾ ਕੀਤਾ ਗਿਆ ਪਰ ਅੰਮ੍ਰਿਤਸਰ ਆ ਕੇ ਉਹ ਗੁਰੂ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਦਰਬਾਰ ਵਿਚ ਦੋਸ਼ੀ ਦੇ ਰੂਪ ਵਿਚ ਹੀ ਪੇਸ਼ ਹੋਏ । ਜਦ ਗੁਰ ਜੀ ਨੇ ਘੋੜੇ ਖ਼ਰੀਦਣ ਦੀ ਥਾਂ ਨੱਸਣ ਤੇ ਸਿੱਖੀ ਸਿਦਕ ਦੀ ਗੱਲ ਛੇੜੀ ਤਾਂ ਭਾਈ ਸਾਹਿਬ ਗੁਰੂ ਚਰਨਾਂ 'ਤੇ ਢਹਿ ਪਏ । ਆਪਣੇ ਭੁੱਲ ਦਾ ਅਹਿਸਾਸ ਕਰਦਿਆਂ ਖਿਮਾਂ ਮੰਗੀ ਤੇ ਇਹ ਸਵਈਆ ਉਚਾਰਿਆ :

ਜਉ ਗਰਬੈ ਬਹੁਤ ਬੂੰਦ ਚਿਤੰਤਰਿ, ਸਨਮੁਖ ਸਿੰਧ ਸੋਭ ਨਹੀ ਪਾਵੈ ।
ਜਉ ਬਹੁ ਉਡੇ ਖਗਿ ਧਾਰਿ ਮਹਾਂ ਬਨ, ਪੇਖਿ ਅਕਾਸ ਰਿਦੈ ਸਕੁਚਾਵੈ ।
ਜਿਉ ਬ੍ਰਹਮੰਡ ਪ੍ਰਚੰਡ ਬਿਲੋਕਤ, ਗੁਲਰ ਜੰਤ ਉਡੰਤ ਲਜਾਵੈ ।
ਤੂੰ ਕਰਤਾ ਹਮ ਕੀਏ ਤਿਹਾਰੇ ਜੀ, ਤੋ ਪਹਿ ਬੋਲਨ ਕਿਉ ਬਨਿ ਆਵੈ ॥527॥[109]

ਅਖ਼ੀਰ ਹਊਮੈ ਦੇ ਤਿਆਗ ਦਾ ਉਪਦੇਸ਼ ਦੇ ਕੇ ਗੁਰੂ ਜੀ ਨੇ ਭਾਈ ਗੁਰਦਾਸ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਪਾਸ ਬਿਠਾ ਲਿਆ। ਇਸ ਮਗਰੋਂ ਭਾਈ ਗੁਰਦਾਸ ਨੇ ਪਛਤਾਵੇ ਦੀ ਭਾਵਨਾ ਦਾ ਪ੍ਰਦਰਸ਼ਨ ਆਪਣੀ ਕਾਵਿ-ਰਚਨਾ ਦੇ ਮਾਧਿਅਮ ਦੁਆਰਾ ਕੀਤਾ, ਜਿਵੇਂ :

...ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ ॥ 35/21
...ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ ॥ 35/22
...ਸਾਂਗੇ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ ॥ 35/23

(ਕ) ਅਕਾਲ ਚਲਾਣਾ :

ਭਾਈ ਗੁਰਦਾਸ ਨੇ ਆਪਣਾ ਸਾਰਾ ਜੀਵਨ ਹੀ ਗੁਰਸਿੱਖੀ ਦਾ ਪ੍ਰਚਾਰ ਅਤੇ ਗੁਰ-ਸੇਵਾ ਵਿਚ ਹੀ ਲੰਘਾਇਆ। ਮਾਤਾ-ਪਿਤਾ ਦਾ ਸਾਇਆ ਛੋਟੀ ਉਮਰ ਵਿਚ ਹੀ ਸਿਰ ਤੋਂ ਜਾਂਦਾ ਰਿਹਾ। ਗ੍ਰਹਸਥੀ ਜੀਵਨ ਦਾ ਉਨ੍ਹਾਂ ਭਾਵੇਂ ਵਿਰੋਧ ਨਹੀਂ ਕੀਤਾ ਪਰ ਆਪ ਉਨ੍ਹਾਂ ਨੇ ਸਾਰੀ ਉਮਰ ਵਿਆਹ ਨਹੀਂ ਕੀਤਾ।[110] ਇਹ ਕਹਿਣਾ ਯੋਗ ਹੀ ਹੈ ਕਿ "ਵਿਆਹ ਦਾ ਖ਼ਿਆਲ ਆਇਆ ਹੀ ਨਹੀਂ। ਕੁਦਰਤ ਨੇ ਅਜਿਹਾ ਮੌਕਾ ਨਹੀਂ ਬਣਾਇਆ"।[111] ਫਿਰ ਵੀ ਭਾਈ ਸਾਹਿਬ ਇਕੱਲੇ ਨਹੀਂ ਸਨ, ਉਹ ਹਮੇਸ਼ਾਂ ਹੀ ਗੁਰਸਿੱਖਾਂ ਦੇ ਇਕ ਵੱਡੇ ਪਰਿਵਾਰ ਵਿਚ ਵਿਚਰਦੇ ਰਹੇ। ਗੁਰੂ ਉਨ੍ਹਾਂ ਦੇ ਮਾਤਾ-ਪਿਤਾ ਸਨ, ਗੁਰਸਿੱਖ ਭੈਣ-ਭਾਈ। ਉੱਚਾ ਤੇ ਸੁੱਚਾ ਜੀਵਨ ਬਤੀਤ ਕਰਦਿਆਂ ਭਾਈ ਗੁਰਦਾਸ ਆਪਣੀ ਜੀਵਨ-ਯਾਤ੍ਰਾ ਦੇ ਅੰਤਿਮ ਪੜਾ 'ਤੇ ਪੁੱਜ ਗਏ।

ਅੰਤਿਮ ਸਮਾਂ : ਭਾਈ ਗੁਰਦਾਸ, ਜੋ ਸਾਰੀ ਉਮਰ ਕ੍ਰਿਆ-ਸ਼ੀਲ ਰਹੇ, ਆਪਣੀ ਬ੍ਰਿਧ ਅਵਸਥਾ ਵਿਚ ਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਗੋਇੰਦਵਾਲ ਪੁੱਜ ਗਏ ਅਤੇ ਆਪਣਾ ਸਾਰਾ ਸਮਾਂ ਭਜਨ-ਬੰਦਗੀ ਵਿਚ ਹੀ ਬਤੀਤ ਕਰਨ ਲੱਗੇ। ਇਕ ਦਿਨ ਪ੍ਰਭਾਤ ਵੇਲੇ ਉੱਠ ਕੇ ਭਾਈ ਸਾਹਿਬ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦਾ ਅੰਤਿਮ ਸਮਾਂ ਆ ਗਿਆ ਹੈ ਅਤੇ ਉਨ੍ਹਾਂ ਇੱਛਾ ਪ੍ਰਗਟ ਕੀਤੀ ਕਿ 'ਮੇਰੇ ਲਈ ਸਮਾਧ ਨਹੀਂ ਬਣਾਉਣੀ, ਇਸ ਸਰੀਰ ਦੀ ਭਸਮ ਬਿਆਸ ਵਿਚ ਪ੍ਰਵਾਹ ਕਰ ਦੇਣੀ। ਆਪ ਦੇ ਨੈਣਾਂ ਹੇਠ ਰੋੜ੍ਹੀ ਗਈ ਇਹ ਸੁਆਹ ਵੀ ਪਾਵਨ ਹੁੰਦੀ ਸਫਲ ਹੋ ਜਾਵੇਗੀ"।[112] ਇਸ ਉਪਰੰਤ ਭਾਈ ਜੀ ਆਪਣੇ ਜੀਵਨ ਦੀ ਅੰਤਿਮ ਯਾਤ੍ਰਾ ਦੀ ਤਿਆਰੀ ਕਰਨ ਲੱਗ ਪਏ। ਇਸ਼ਨਾਨ ਕਰਕੇ ਜਪੁਜੀ ਦਾ ਪਾਠ ਕਰਨ ਮਗਰੋਂ ਸੁਖਮਨੀ ਦਾ ਪਾਠ ਆਰੰਭਿਆ ਤੇ ਭੋਗ ਪਾਉਂਦਿਆਂ ਸਾਰ ਹੀ ਉਨ੍ਹਾਂ ਦਾ ਸੀਸ ਗੁਰਚਰਨਾਂ 'ਤੇ ਢਹਿ ਪਿਆ ਤੇ ਪ੍ਰਾਣ ਉਡਾਰੀ ਮਾਰ ਗਏ। ਗੁਰੂ ਹਰਿਗੋਬਿੰਦ ਜੀ ਨੇ ਭਾਈ ਗੁਰਦਾਸ ਦੇ ਜਨਮ ਨੂੰ ਸਫਲ ਦਸਦਿਆਂ ਇਹ ਸ਼ਬਦ ਉਚਾਰੇ :

ਮਹਿ ਮੰਡਲ ਮਹਿ ਜਸੁ ਵਿਸਥਾਰਾ। ਪਾਇ ਪਰਮਗਤਿ ਪੰਥ ਪਧਾਰਾ ॥
ਚਿਰੰਕਾਲ ਤੇਰੋ ਰਹਿ ਨਾਮੁ। ਜਾਨਹਿ ਗੁਰੂ ਪੰਥ ਅਭਿਰਾਮੂ ॥ 40 ॥[113]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਜੀ ਨੇ ਆਪਣੇ ਹੱਥੀਂ ਆਪਣੇ ਪਰਮ ਪਿਆਰੇ ਗੁਰਸਿੱਖ ਦਾ ਅੰਤਿਮ ਸੰਸਕਾਰ ਕੀਤਾ ਅਤੇ ਚੌਥੇ ਦਿਨ ਅਸਥੀਆਂ ਬਿਆਸ ਵਿਚ ਜਲ-ਪ੍ਰਵਾਹ ਕਰ ਦਿੱਤੀਆਂ। ਸ੍ਰੀ ਹਰਿਮੰਦਰ ਸਾਹਿਬ ਵਿਚ ਭਾਈ ਗੁਰਦਾਸ ਨਮਿੱਤ ਅਖੰਡ ਪਾਠ ਆਰੰਭਿਆ ਗਿਆ। ਦੂਰ ਦੂਰ ਤੋਂ ਸੰਗਤਾਂ ਇਕੱਤ੍ਰ ਹੋਈਆਂ; ਅਖੰਡ ਪਾਠ ਦਾ ਭੋਗ ਪਿਆ; ਦੀਵਾਨ ਸਜੇ; ਕੀਰਤਨ ਕੀਤਾ ਗਿਆ ਅਤੇ ਅੰਤਿਮ ਅਰਦਾਸ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪ ਕੀਤੀ।

ਦੇਹਾਂਤ ਦੀ ਤਿਥੀ : ਭਾਈ ਗੁਰਦਾਸ ਦੇ ਦੇਹਾਂਤ ਦੀ ਤਿਥੀ ਸੰਬੰਧੀ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹੈ। ਬਹੁਤ ਸਾਰੇ ਵਿਦਵਾਨਾਂ ਨੇ ਬਿਨਾਂ ਸਰੋਤ ਦੱਸਿਆਂ ਵੱਖ ਵੱਖ ਤਿਥਾਂ ਦਾ ਉਲੇਖ ਕੀਤਾ ਹੈ, ਜਿਵੇਂ ਸਕਦੂਲ ਸਿੰਘ ਨੇ ਸੰਮਤ 1696 ਬਿ. (ਸੰਨ 1639 ਈ.) ਨੂੰ ਭਾਈ ਗੁਰਦਾਸ ਦਾ ਦੇਹਾਂਤ ਹੋਣਾ ਦਸਿਆ ਹੈ।[114] ਇਸ ਤਰ੍ਹਾਂ ਦਾ ਕਥਨ ਭਰੋਸੇਯੋਗ ਨਹੀਂ ਹੋ ਸਕਦਾ। ਭਾਈ ਗੁਰਦਾਸ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ 'ਗੁਰ ਪ੍ਰਤਾਪ ਸੂਰਜ', 'ਤਵਾਰੀਖ਼ ਗੁਰੁ ਖ਼ਾਲਸਾ' ਤੇ 'ਗੁਰ ਬਿਲਾਸ ਪਾਤਿਸ਼ਾਹੀ 6' ਬੜੇ ਮਹੱਤਵਪੂਰਨ ਸਰੋਤ ਹਨ ਅਤੇ ਭਾਈ ਗੁਰਦਾਸ ਦਾ ਜੀਵਨ-ਬ੍ਰਿਤਾਂਤ ਲਿਖਣ ਵਾਲੇ ਵਿਦਵਾਨਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਨੂੰ ਆਧਾਰ ਬਣਾਇਆ ਹੈ। 'ਗੁਰ ਪ੍ਰਤਾਪ ਸੂਰਜ' ਵਿਚ ਭਾਈ ਗੁਰਦਾਸ ਦੇ ਦੇਹਾਂਤ ਦੀ ਤਿਥੀ ਨਹੀਂ ਦਿੱਤੀ ਗਈ। 'ਗੁਰ ਬਿਲਾਸ ਪਾਤਿਸ਼ਾਹੀ 6' ਅਨੁਸਾਰ ਭਾਈ ਗੁਰਦਾਸ ਦੇ ਅਕਾਲ ਚਲਾਣੇ ਦਾ ਸਮਾਂ ਸੰਮਤ 1686 ਬਿਕ੍ਰਮੀ ਭਾਦੋਂ ਸੁਦੀ ਪੰਚਵੀ ਦਿਨ ਵੀਰਵਾਰ ਬਣਦਾ ਹੈ।[115] 'ਤਵਾਰੀਖ਼ ਗੁਰੂ ਖ਼ਾਲਸਾ' ਵਿਚ ਭਾਈ ਗੁਰਦਾਸ ਦੇ ਦੇਹਾਂਤ ਦੀ ਤਿਥੀ 11 ਅੱਸੂ ਸੰਮਤ 1686 ਬਿਕ੍ਰਮੀ ਦਿੱਤੀ ਗਈ ਹੈ।[116] ਇਤਿਹਾਸ ਦੀ ਕਸਵਟੀ ਤੇ ਪਰਖਿਆਂ ਇਹ ਤਿਥਾਂ ਠੀਕ ਨਹੀ ਜਾਪਦੀਆਂ। ਪਹਿਲੀ ਵਿਚਾਰਣਯੋਗ ਗੱਲ ਇਹ ਹੈ ਕਿ ਹਰਿਗੋਬਿੰਦਪੁਰ ਦੇ ਪੁਨਰ-ਨਿਰਮਾਣ ਸਮੇਂ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਬੁਲਾਇਆ ਜਾਂਦਾ ਹੈ। ਇਸ ਨਗਰ ਦਾ ਪੁਨਰ-ਨਿਰਮਾਣ 1687 ਬਿਕ੍ਰਮੀ ਵਿਚ ਹੋਇਆ। ਇਸ ਤੋਂ ਸਪਸ਼ਟ ਹੈ ਕਿ ਭਾਈ ਗੁਰਦਾਸ 1687 ਬਿਕ੍ਰਮੀ ਤੱਕ ਜਿਉਂਦੇ ਸਨ। ਇਸ ਤੋਂ ਇਲਾਵਾ ਇਹ ਗੱਲ ਵੀ ਵਿਵਾਦ-ਮੁਕਤ ਹੈ ਕਿ ਭ ਈ ਗੁਰਦਾਸ ਦਾ ਦੇਹਾਂਤ ਬਾਬਾ ਬੁੱਢਾ ਜੀ ਤੋਂ ਮਗਰੋਂ ਹੋਇਆ। ਮਹਾਨ ਕੋਸ਼ ਅਨੁਸਾਰ ਬਾਬਾ ਬੁੱਢਾ ਜੀ ਸੰਮਤ 1688 ਬਿਕ੍ਰਮੀ ਵਿਚ ਸਵਰਗਵਾਸ ਹੋਏ।[117] ਇਸ ਤਰ੍ਹਾਂ ਭਾਈ ਗੁਰਦਾਸ ਦਾ ਅਕਾਲ ਚਲਾਣਾ 1688 ਬਿਕ੍ਰਮੀ ਤੋਂ ਮਗਰੋਂ ਹੀ ਹੋ ਸਕਦਾ ਹੈ, ਪਹਿਲਾਂ ਨਹੀਂ। ਭਾਈ ਵੀਰ ਸਿੰਘ ਦਾ ਵਿਵੇਚਣ ਵੀ ਇਸ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ।[118]

ਮਹਾਨ ਕੋਸ਼ ਅਨੁਸਾਰ ਭਾਈ ਗੁਰਦਾਸ ਭਾਦੋਂ ਸੁਦੀ 8, ਸੰਮਤ 1694 ਬਿਕ੍ਰਮੀ (1637 ਈਸਵੀ) ਵਿਚ ਸਵਰਗਵਾਸ ਹੋਏ।[119] ਬਹੁਤ ਸਾਰੇ ਵਿਦਵਾਨਾਂ, ਜਿਨ੍ਹਾਂ ਵਿਚ ਡਾ. ਰਤਨ ਸਿੰਘ ਜੱਗੀ[120], ਡਾ. ਦਲੀਪ ਸਿੰਘ ਦੀਪ[121], ਸ਼ਮਸ਼ੇਰ ਸਿੰਘ ਅਸ਼ੋਕ[122], ਕਰਤਾਰ ਸਿੰਘ[123] ਅਤੇ ਸੰਤ ਸਿੰਘ ਸੇਖੋਂ[124] ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ, ਨੇ ਭਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨ੍ਹ ਸਿੰਘ ਵਲੋਂ ਦਿੱਤੀ ਉਪਰੋਕਤ ਤਿਥੀ ਨੂੰ ਹੀ ਵਧੇਰੇ ਮੰਨਣਯੋਗ ਸਮਝਿਆ ਹੈ। ਇਸ ਤਰ੍ਹਾਂ ਅਸੀਂ ਭਾਈ ਗੁਰਦਾਸ ਦੇ ਸਵਰਗਵਾਸ ਹੋਣ ਦੀ ਤਿਥੀ ਭਾਦ੍ਰੋਂ ਸੁਦੀ 8. ਸੰਮਤ 1694 ਬਿਕ੍ਰਮੀ ਅਰਥਾਤ 17 ਅਗਸਤ, 1637 ਈ. ਨਿਸਚਿਤ ਕਰ ਸਕਦੇ ਹਾਂ।

ਹਵਾਲੇ ਤੇ ਟਿੱਪਣੀਆਂ

1. 'ਭਾਈ ਗੁਰਦਾਸ', ਪੰਨਾ 5.
2. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 26.
3. ਉਹੀ, ਪੰਨਾ 26 (ਪਗ-ਟਿਪਣੀ)
4. 'ਭਾਈ ਗੁਰਦਾਸ', ਪੰਨਾ 9.
5. 'ਸਿੱਖ ਇਤਿਹਾਸ', ਪੰਨਾ 15.
6. A History of the Sikhs, vol. I, p. 310.
7. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 2.
8. 'ਪੁਰਾਣਾ ਮਾਖਿਓ', ਪੰਨਾ 162.
9. 'ਭਾਈ ਗੁਰਦਾਸ ਜੀ ਦਾ ਕਾਵਿ-ਅਧਿਐਨ', 'ਗੁਰਮਤਿ ਪ੍ਰਕਾਸ਼', (ਦਸ਼ਮੇਸ਼ ਅੰਕ,) ਜਨਵਰੀ 1966, ਪੰਨਾ 40.
10. 'ਪੰਜਾਬ ਦੇ ਹੀਰੇ', ਪੰਨਾ 23.
11. 'ਚੰਗੇਰ', (ਪੰਜਾਬ ਯੂਨੀਵਰਸਿਟੀ), ਪੰਨਾ 101.
12. 'ਭਾਈ ਗੁਰਦਾਸ—ਇਕ ਅਧਿਐਨ', ਪੰਨਾ 9.
13. 'ਭਾਈ ਗੁਰਦਾਸ ਦੀ ਪਹਿਲੀ ਵਾਰ', ਪੰਨੇ 9-10.
14. 'ਭਾਈ ਗੁਰਦਾਸ—ਜੀਵਨ ਤੇ ਰਚਨਾ', ਪੰਨਾ 10.
15. 'ਭਾਈ ਗੁਰਦਾਸ ਜੀ ਦਾ ਕਾਵਿ-ਅਧਿਐਨ', 'ਗੁਰਮਤਿ ਪ੍ਰਕਾਸ਼', (ਦਸ਼ਮੇਸ਼ ਅੰਕ) ਜਨਵਰੀ 1966, ਪੰਨਾ 40.
16. 'ਪੰਜਾਬੀ ਸਾਹਿੱਤ ਦਾ ਇਤਿਹਾਸ', (ਪਹਿਲਾ ਭਾਗ), ਭਾਸ਼ਾ ਵਿਭਾਗ, ਪੰਨਾ 519.
17. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 26. (ਪਗ-ਟਿੱਪਣੀ)।
18. 'ਸਿੱਖ ਇਤਿਹਾਸ', (ਭਾਗ ਦੂਜਾ), ਪੰਨਾ 15.
19. 'ਪੰਜਾਬ ਦੇ ਹੀਰੇ', ਪੰਨਾ 23.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

20. ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 15੨.
21. 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 149.
22. 'ਭਾਈ ਗੁਰਦਾਸ', ਪੰਨਾ 5.
23. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜ਼ੀਵਨ', 'ਭਾਈ ਗੁਰਦਾਸ, ਭਾਸ਼ਾ ਵਿਭਾਗ, ਪੰਨਾ 2.
24. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 26.
25. 'ਸਿੱਖ ਇਤਿਹਾਸ', (ਭਾਗ ਦੂਜਾ) ਪੰਨਾ 15.
26. 'ਭਾਈ ਗੁਰਦਾਸ', ਪੰਨਾ 9.
27. 'ਭਾਈ ਗੁਰਦਾਸ ਜੀ ਦਾ ਕਾਵਿ-ਅਧਿਐਨ', 'ਗੁਰਮਤਿ ਪ੍ਰਕਾਸ਼, (ਦਸ਼ਮੇਸ਼ ਅੰਕ), ਜਨਵਰੀ 1966, ਪੰਨਾ 40.
28. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 1-2.

8300

29. —ਭਾਈ ਗੁਰਦਾਸ ਈਸਰ ਭੱਲੇ ਕਾ ਬੇਟਾ ।
    ਈਸਰ ਵਿਸਨੁ ਦਾਸ ਭੱਲੇ ਦੇ ਪਰਵਾਰ ਵਿਚੋਂ ਆਹਾ ਖਤ੍ਰੇਟਾ ।
    —ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ,

ਚਰਣ ਪੰਜਵਾਂ/100

30. 'ਭਾਈ ਗੁਰਦਾਸ—ਜੀਵਨ ਤੇ ਰਚਨਾ', ਪੰਨੇ 10-11.
31. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 5.
32. ਉਹੀ, ਪੰਨਾ 4.
33. ਉਹੀ, ਪੰਨਾ 6.
34. ਉਹੀ, ਪੰਨਾ 8.
35. ਭਾਈ ਰਣਧੀਰ ਸਿੰਘ', 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ, ਭਾਸ਼ਾ ਵਿਭਾਗ, ਪੰਨਾ 2.
36. ਸਰਦੂਲ ਸਿੰਘ, 'ਭਾਈ ਗੁਰਦਾਸ, ਪੰਨਾ 6.
37. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 27,
38. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 7.
39. ਭਾਈ ਰਣਧੀਰ ਸਿੰਘ, 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ' 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 2.
40. 'ਤਵਾਰੀਖ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨੇ 343-44.
41. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 29.
42. ਰਾਜਿੰਦਰ ਕੌਰ, 'ਭਾਈ ਗੁਰਦਾਸ ਦੀਆਂ ਵਾਰਾਂ : ਇਕ ਸਾਹਿੱਤਕ ਅਧਿਐਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਨਾ 20.

43. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 28,
44. 'ਸਿੱਖ ਇਤਿਹਾਸ', ਭਾਗ ਦੂਜਾ, ਪੰਨਾ 16.
45. 'ਵਾਰਾਂ ਭਾਈ ਗੁਰਦਾਸ ਜੀ ਦਾ ਤੁਕ-ਤਤਕਰਾ, ਪੰਨਾ 3.
46. 'ਭਾਈ ਗੁਰਦਾਸ' ਪੰਨਾ, 8-9.
47. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 30,
48. 'ਭਾਈ ਗੁਰਦਾਸ', ਪੰਨਾ 9.
49. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 3.
50. 'ਗੁਰ ਸ਼ਬਦ ਰਤਨਾਕਾਰ', ਮਹਾਨ ਕੋਸ਼, ਪੰਨਾ 311.
51. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 31.
52. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 32.
53. ਉਹੀ, ਪੰਨਾ 33.
54. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 5.
55. 'ਭਾਈ ਗੁਰਦਾਸ', ਪੰਨਾ 10-11.
56. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 4-5.
57. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 11.
58. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 4.
59. ਉਹੀ, ਪੰਨਾ 5.
60. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 33-34.
61. ਉਹੀ, ਪੰਨਾ 34-35,
62. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 359.
63. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 35.
64. 'ਸ੍ਰੀ ਅਸ਼ਟ ਗੁਰ ਚਮਤਕਾਰ', ਭਾਗ 2, ਪੰਨਾ 7.
65. —ਤਬ ਗੁਰਦਾਸ ਆਦਿ ਹੈਂ ਜੋਈ । ਕਛੁ ਦਿਨ ਦਿਹੁ ਸਮਝਾਵਹਿ ਤੋਈ ।
    ਦੁਇ ਦਿਸ਼ ਮਹਿਂ ਫਿਰ ਕਰ ਬਹੁ ਬਾਰ । ਚਾਹਤ ਭਏ ਮਿਟਾਵਣ ਹਾਰ ॥29॥
    ਕਛਕ ਦੁਕਾਨਨ ਕੋ ਤਹਿ ਭਾਰਾ । ਅਰੁ ਜਗਾਤ ਜੋ ਆਇ ਬਜਾਰਾ ।
    ਸੋ ਸਭ ਪ੍ਰਿਥੀਏ ਕੋ ਤਬ ਦੀਨ । ਚੌਂਕ ਪਾਸੀਆਂ ਕੋ ਜਾਹਿਂ ਚੀਨ ॥30॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਂਦੇਵ ਕੋ ਸੋ ਥਲ ਦਯੋ । ਧਨ ਜਗਾਤ ਕੋ ਤਿਸ ਨੇ ਲਯੋ ।
ਇਮ ਦੋਨੋਂ ਕੋ ਹਿਤ ਗੁਜਰਾਨ । ਲੇਤਿਰ ਕਰਹਿਂ ਨਿਬਾਹਨ ਖਾਨਾ ॥31॥

—'ਗੁਰ ਪ੍ਰਤਾਪ ਸੂਰਜ', ਰਾਸ 2, ਅੰਸੂ 29.

66. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 384-85.

67. 'ਗੁਰ ਸ਼ਬਦ ਰਤਨਾਕਾਰ', 'ਮਹਾਨ ਕੋਸ਼', ਪੰਨਾ 462.

68. —ਬੈਸਨੋ ਅਨੰਨਿ ਬ੍ਰਹਮੰਨਿ ਸਾਲਗ੍ਰਾਮ ਸੇਵਾ ।
ਗੀਤਾ ਭਾਗਵਤ ਸ੍ਰੋਤਾ ਇਕਾਕੀ ਕਹਵਾਈ ।
ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛ,
ਕਰਤ ਗਵਨ ਸੁ ਮੁਹੂਰਤ ਸੁਧਵਾਈ ।
ਬਾਹਰ ਨਿਕਸ ਗਰਧਭ ਸਵਾਨ ਸਗੁਨ ਕੈ,
ਸੰਕਾ ਉਪਰਜਿ ਕੈ ਬਾਹੁਰ ਘਰਿ ਆਵਈ ।
ਪਤਿਬ੍ਰਤ ਗਹਿ ਰਹਿ ਸਕਤ ਨ ਏਕਾ ਟੇਕ,
ਦੁਬਿਧਾ ਅਛਤ ਨ ਪਰਮਪਦ ਪਾਵਈ ॥447 ॥
ਗੁਰਸਿੱਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ,
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ।
ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੂ,
ਗ੍ਰਿਹ ਅਉ ਨਿਛਤ੍ਰ ਕੀ ਨਾ ਸੰਕਾ ਉਰਧਾਰੀ ਹੈ ।
ਜਾਨਤ ਨ ਸਗਨ ਲਗਨ ਆਨ ਦੇਵ ਸੇਵ,
ਸਬਦ ਸੁਰਤਿ ਲਿਵ ਨੇਹੁ ਨਿਰਕਾਰੀ ਹੈ ।
ਸਿੱਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ,
ਹੁਇ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥448॥

—'ਗੁਰ ਪ੍ਰਤਾਪ ਸੂਰਜ', ਰਾਸ 3, ਅੰਸੂ 32.

69. ਪਿਆਰਾ ਸਿੰਘ ਪਦਮ, 'ਆਦਿ ਗੁਰੂ ਗ੍ਰੰਥ ਦੀ ਵਡਿਆਈ', ਪੰਨਾ 7.

70. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 395.

71. ਗਿ. ਲਾਲ ਸਿੰਘ ਸੰਗਰੂਰ, 'ਸਿੱਖ ਫ਼ਿਲਾਸਫ਼ੀ', (ਗੁਰਦਾਸ ਦਰਸ਼ਨ), ਪੰਨਾ 24.

72. ਭਾਈ ਜੋਧ ਸਿੰਘ, 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਨਾ 4.

73. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 22.

74. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 406-09.

75. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 46-47.

76. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 13-14.

77. ਉਹੀ, ਪੰਨਾ 14.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

78. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 24.
79. 'ਭਾਈ ਗੁਰਦਾਸ', 'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿੱਤ ਦਾ ਇਤਿਹਾਸ', ਪੰਨਾ 346.
80. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 27.
81. ਤਖਤ ਪੂਜ ਕਰਿਬੇ ਨਮਿਤ ਗੁਰਦਾਸ ਭਾਈ ਠਹਿਰਾਏ ।

—'ਗੁਰਬਿਲਾਸ ਪਾਤਿਸ਼ਾਹੀ 6', ਪੰਨਾ 140.

82. ਸਤਿਬੀਰ ਸਿੰਘ, 'ਗੁਰੂ ਹਰਿਗੋਬਿੰਦ', ਪੰਨਾ 26.
83. —ਪਾਛੇ ਬ੍ਰਿਧ ਭਾਈ ਗੁਰਦਾਸ । ਸਕਲ ਕਾਰ ਕਰਿਹੈਂ ਤੁਮ ਪਾਸ ॥2॥

ਸਭ ਬਿਧਿ ਮਹਿਂ ਦੋਨੋ ਬਹੁ ਸਜਾਨੇ । ਹਰਿਮੰਦਰ ਕੀ ਸੇਵ ਮਹਾਨੇ ॥

—'ਗੁਰ ਪ੍ਰਤਾਪ ਸੂਰਜ', ਰਾਸ 4, ਅੰਸੁ 51.

84. —ਬ੍ਰਿਧ ਸਾਹਬ ! ਭਾਈ ਗੁਰਦਾਸ ! ਤੁਮ ਸਜਾਨੇ ਕਰ ਬਾਸ ਅਵਾਸ ॥3॥

ਹਰਿਮੰਦਰ ਕੀ ਕਰੀਏ ਸੇਵਾ । ਪੂਜਨ ਕਰਹੁ ਸਦਾ ਗੁਰਦੇਵਾ ॥
ਸਿਖ ਸੰਗਤ ਆਵਤ ਜਿਮ ਆਗੇ । ਸਰਬ ਰੀਤਿ ਕਰਿ ਜਿਮ ਬਡਭਾਗੇ ॥4॥
ਕਾਰ ਦੇਗ ਕੀ ਤਥਾ ਚਲਾਵਹੁ । ਅਪਰ ਸਰਬ ਕਾਰਜ ਸੁਧਰਾਵਹੁ ॥
ਕਿਤਿਕ ਸੁਭਟ ਰਹਿ ਸੰਗ ਤੁਮਾਰੇ । ਦਾਸ ਬ੍ਰਿੰਦ ਹੋਵਹਿਂ ਅਨੁਸਾਰੇ ॥5॥
ਸਦਾ ਪ੍ਰਸੰਨ ਮਾਤ ਕੋ ਰਾਖਹੁ । ਹਮਰੀ ਦਿਸ਼ ਤੇ ਆਛੇ ਭਾਖਹੁ ॥
ਸੰਮਤ ਹੋਇ ਕਾਰ ਕੋ ਕਰੀਅਹਿ । ਸਭ ਦਿਸ਼ ਸਾਵਧਾਨਤਾ ਧਰੀਅਹਿ ॥6॥

—ਉਹੀ, ਰਾਸ 4, ਅੰਸੁ 52.

85. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 51.
86. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 426–27.
87. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 52.
88. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 29–30.
89. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 442–43.
90. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 53.
91. —ਧੰਨ ਬ੍ਰਿਧ ਭਾਈ ਸੁਭ ਰੀਤਿ । ਕਰੀ ਸੁਧਾਸਰ ਪਰ ਧਰਿ ਪ੍ਰੀਤਿ ॥

ਕਰੇ ਸਰਾਹਨ ਪੁਨ ਗੁਰਦਾਸ । ਅਹੋ ਧੰਨ, ਬਡ ਪ੍ਰੇਮ ਪ੍ਰਕਾਸ਼ ॥

—'ਗੁਰ ਪ੍ਰਤਾਪ ਸੂਰਜ', ਰਾਸ 5, ਅੰਸੁ 40. ਅੰਕ 32,33.

92. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 54.
93. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 465.
94. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 57.
95. 'ਗੁਰਦਾਸ ਸ਼ਬਦ ਰਤਨਾਕਾਰ', ਮਹਾਨਕੋਸ਼, ਪੰਨਾ 188.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

96. ਸਤਿਬੀਰ ਸਿੰਘ, 'ਗੁਰੂ ਹਰਿਗੋਬਿੰਦ', ਪੰਨਾ 92.

97. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 58-59.

98. 'ਗੁਰਸ਼ਬਦ ਰਤਨਾਕਾਰ', ਮਹਾਨਕੋਸ਼, ਪੰਨਾ 530.

99. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 61.

100. 'ਗੁਰ ਸ਼ਬਦ ਰਤਨਾਕਾਰ', ਮਹਾਨ ਕੋਸ਼, ਪੰਨਾ 486.

101. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 62.

102. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 31.

103. —ਯਾਤੇ ਬੀਜ ਮਾਤ੍ਰ ਅਹੰਕਾਰ । ਹੈ ਇਸ ਬਿਖੇ ਸੁ ਬੁਰੋ ਵਿਕਾਰ ॥
ਰਹਿਬੋ ਸਦਾ ਸਮੀਪ ਹਮਾਰੇ । ਚਹੀਏ ਉਰ ਤੇ ਮੂਲ ਉਖਾਰੇ ॥
ਇਮ ਹੰਕਾਰ ਬਿਨਾਸਜੋ ਜੇ ਨਾ । ਤਉ ਹਮ ਕੋ ਚਹੀਏ ਹਤਿ ਦੇਨ ॥
ਦੇਹਿ ਕਸੌਟੀ ਸਹੈ ਕਿ ਨਾਂਹੀ ? ਕਰੈਂ ਕ੍ਰਿਤੀ ਕੁਛ ਪਰਖਨ ਮਾਂਹੀ ॥

—'ਗੁਰ ਪ੍ਰਤਾਪ ਸੂਰਜ', ਰਾਸ 7, ਅੰਸੁ 2, ਅੰਕ 16.

104. —'ਗੁਰ ਪ੍ਰਤਾਪ ਸੂਰਜ' ਅਤੇ 'ਤਵਾਰੀਖ ਗੁਰ ਖ਼ਾਲਸਾ' ਅਨੁਸਾਰ ਭਾਈ ਸਾਹਿਬ ਨੂੰ ਘੋੜੇ ਖ਼ਰੀਦਣ ਲਈ ਕਾਬਲ ਭੇਜਿਆ ਗਿਆ, ਪਰ ਦੋਹਾਂ ਮਹਿਮਾਂ ਪ੍ਰਕਾਸ਼ਾਂ ਵਿਚ ਇਹ ਘਟਨਾ ਰਾਮਦਾਸਪੁਰ (ਅੰਮ੍ਰਿਤਸਰ) ਵਿਚ ਹੀ ਵਾਪਰੀ ਦੱਸੀ ਹੈ, ਜੋ ਸਹੀ ਨਹੀਂ ਕਿਉਂਕਿ ਜੇ ਇਹ ਅੰਮ੍ਰਿਤਸਰ ਦੀ ਘਟਨਾ ਹੁੰਦੀ ਤਾਂ ਗੁਰੂ ਜੀ ਤੋਂ ਸਮੱਸਿਆ ਦਾ ਸਮਾਧਾਨ ਤੁਰਤ ਕਰਵਾਇਆ ਜਾ ਸਕਦਾ ਸੀ ।

—ਡਾ. ਰਤਨ ਸਿੰਘ 'ਜੱਗੀ'

—'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਨਾ 21

105. 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਪੰਨਾ 485.

106. —ਪੰਥ ਪ੍ਰਕਾਸ਼ ਵਿਚ ਵੀ ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਸੰਗ 'ਚ ਭਾਈ ਗੁਰਦਾਸ ਵਲੋਂ ਕਾਂਸ਼ੀ ਵਿਚ ਕੀਤੇ ਗੁਰਸਿੱਖੀ ਦੇ ਪ੍ਰਚਾਰ ਦਾ ਵਰਨਣ ਮਿਲਦਾ ਹੈ, ਜਿਵੇਂ :
ਜਬ ਤੈ ਕਾਸ਼ੀ ਕੇ ਵਿਚ ਖਾਸ । ਰਹਿ ਆਇ ਭਾਈ ਗੁਰਦਾਸ ॥
ਤਬ ਤੈ ਗੁਰੁ ਸਿੱਖੀ ਉਸ ਦੇਸੈ । ਫੈਲਾਈ ਭਾਈ ਬਾਜੇਸੇ ॥

—'ਪੰਥ ਪ੍ਰਕਾਸ਼', ਪੰਨਾ 164.

107. 'ਗੁਰ ਪ੍ਰਤਾਪ ਸੂਰਜ', ਰਾਸ 7, ਅੰਸੁ 4.

108. —ਜੈ ਗੁਰਦਾਸ ਵਿਮਲ ਮਤਿ ਗਯਾਨੀ । ਅਬ ਹਮਰੇ ਮਨ ਨਿਸਚੈ ਠਾਨੀ ॥
ਤੁਮ ਤੇ ਸੰਸ਼ਯ ਗਯੋ ਹਮਾਰਾ । ਬਿਬਿਧ ਬੇਦ ਬਿਧਿ ਕੀਓ ਉਚਾਰਾ ॥5॥

—ਉਹੀ, ਰਾਸ 7, ਅੰਸੁ 4.

109. ਉਹੀ ਰਾਸ 7, ਅੰਸੁ 4.

110. ਡਾ. ਸੁਰਿੰਦਰ ਸਿੰਘ ਕੋਹਲੀ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 149.;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਡਾ. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿੱਤ ਦਾ ਆਲੋਚਨਾਤਮਕ ਇਤਿਹਾਸ', ਪੰਨਾ 155.

111. ਸਰਦੂਲ ਸਿੰਘ, 'ਭਾਈ ਗੁਰਦਾਸ',

112. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 83.

113. 'ਗੁਰ ਪ੍ਰਤਾਪ ਸੂਰਜ', ਰਾਸ 7, ਅੰਸੂ 14.

114. 'ਭਾਈ ਗੁਰਦਾਸ', ਪੰਨਾ 36

115, —ਸੋਰਹਿ ਸੈ ਛਿਆਸੀਏ ਮੰਝਾਰ । ਸੰਮਤ ਜਾਨੋ ਸੁਰ ਗੁਰ ਵਾਰ ॥451॥
ਭਾਦ੍ਰੋਂ ਸੁਤ ਤਿਥ ਪੰਛਮੀ ਭਾਈ ਨਿਜ ਤਨ ਤਯਾਗ ।
ਗੁਰ ਨਾਨਕ ਕਾ ਧਾਮ ਜੋ ਤਹਾਂ ਗਯੋ ਵਡ ਭਾਗ ॥452॥

—'ਗੁਰਬਿਲਾਸ ਪਾਤਿਸਾਹੀ 6', ਪੰਨਾ 422.

116. 'ਤਵਾਰੀਖ਼ ਗੁਰੂ ਖ਼ਾਲਸਾ', ਭਾਗ ਪਹਿਲਾ, ਪੰਨਾ 493.

117. 'ਗੁਰ ਸ਼ਬਦ ਰਤਨਾਕਾਰ', ਮਹਾਨ ਕੋਸ਼, ਪੰਨਾ 659.

118. 'ਕਬਿੱਤ ਭਾਈ ਗੁਰਦਾਸ', ਪੰਨਾ 84.

119. 'ਗੁਰ ਸ਼ਬਦ ਰਤਨਾਕਾਰ', ਮਹਾਨ ਕੋਸ਼, ਪੰਨਾ 311.

120. 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ' ਪੰਨਾ 25.

121. 'ਭਾਈ ਗੁਰਦਾਸ ਦੀ ਪਹਿਲੀ ਵਾਰ', ਪੰਨਾ 9-10.

122. 'ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰ-ਇਤਿਹਾਸ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 135.

123. 'ਸਿੱਖ ਇਤਿਹਾਸ', ਦੂਜਾ ਭਾਗ, ਪੰਨਾ 22.

124. 'ਭਾਈ ਗੁਰਦਾਸ'—'ਇਕ ਅਧਿਐਨ', ਪੰਨਾ 13.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਖ਼ਸੀਅਤ

ਭਾਈ ਗੁਰਦਾਸ ਪੂਰਨ ਗੁਰਸਿੱਖ ਸਨ ਅਤੇ ਉਨ੍ਹਾਂ ਦਾ ਜੀਵਨ ਉੱਚਾ ਸੁੱਚਾ ਅਤੇ ਸ਼ਖ਼ਸੀਅਤ ਪ੍ਰਭਾਵਸ਼ਾਲੀ ਸੀ। ਡਾ. ਦੀਵਾਨ ਸਿੰਘ ਅਨੁਸਾਰ, ''ਆਪ ਦੀ ਸ਼ਖ਼ਸੀਅਤ ਦਾ ਪ੍ਰਭਾਵ ਆਪ ਦੇ ਸਮੇਂ ਵਿਚ ਅਤੇ ਬਾਅਦ ਵਿਚ ਹਮੇਸ਼ਾਂ ਅਤਿ ਡੂੰਘਾ ਰਿਹਾ ਹੈ''।[1] ਡਾ. ਰਤਨ ਸਿੰਘ ਜੱਗੀ ਦੇ ਕਥਨ ਅਨੁਸਾਰ, ''ਉਹ ਬ੍ਰਹਮਗਿਆਨੀ ਸਨ, ਬਿਬੇਕ ਬੁੱਧੀ ਦੇ ਮਾਲਕ ਸਨ। ਹੰਸ ਵਾਂਗ ਉਹ ਨੀਰ ਅਤੇ ਖੀਰ ਦਾ ਨਿਤਾਰਾ ਕਰ ਸਕਦੇ ਸਨ''।[2] ਭਾਈ ਸਾਹਿਬ ਦੀ ਨੁਹਾਰ ਵਿਚ ਕੋਈ ਅਨੋਖੀ ਹੀ ਖਿੱਚ ਸੀ। ''ਚਿਹਰੇ ਉਤੇ ਮੁਸਕਰਾਹਟ ਤੇ ਨੈਣ ਹਰਿ-ਰਸ ਭਿੰਨੇ ਸਨ। ਦਿਮਾਗ ਰੌਸ਼ਨ ਤੇ ਮੱਥਾ ਵਿਦਿਆ ਧਨ ਨਾਲ ਦਮਕ ਰਿਹਾ ਸੀ। ਬੋਲੀ ਵਿਚ ਰਾਗ, ਠਰੰਮਾ, ਧੀਰਜ ਤੇ ਖ਼ਾਸ ਖਿੱਚ ਸੀ, ਇਸ ਲਈ ਆਪ ਦੇ ਥੋੜ੍ਹੇ ਕਹੇ ਸ਼ਬਦ ਵੀ ਬਹੁਤਾ ਅਸਰ ਕਰਦੇ ਸਨ। ਕੋਈ ਖ਼ਾਸ ਤਸੀਰ ਸੀ।''[3] ਉਨ੍ਹਾਂ ਦੇ ਅੰਦਰ ਅਨੇਕਾਂ ਆਤਮਕ ਗੁਣ ਵਿਦਮਾਨ ਸਨ। ''ਨਿਮ੍ਰਤਾ ਦੇ ਪਿਆਰੇ, ਸੱਚ ਦੇ ਸਤਿਕਾਰੇ ਤੇ ਦ੍ਰਿੜ੍ਹਤਾ ਦੇ ਸਹਾਰੇ ਸਨ। ਸੂਝ ਸੂਝ ਵਾਲੇ ਗੰਭੀਰ ਗੁਰਮੁਖਾਂ ਦੇ ਪਿਆਰੇ, ਇਖ਼ਲਾਕ ਦੇ ਪੁਤਲੇ ਸਨ। ਬ੍ਰਹਮਗਿਆਨ, ਮਹਾਂਕਾਵੀ, ਮਹਾਂ ਵਿਦਵਾਨ ਸਨ।''[4] ਭਾਈ ਗੁਰਦਾਸ ਦੇ ਵਿਅਕਤਿਤਵ ਦਾ ਵਿਸ਼ਲੇਸ਼ਣ ਕਰਦਿਆਂ ਹੇਠ ਲਿਖੇ ਪੱਖ ਵਿਸ਼ੇਸ਼ ਰੂਪ ਵਿਚ ਉਜਾਗਰ ਹੁੰਦੇ ਹਨ।

(ੳ) ਸਰੀਰਕ ਦੱਖ :

ਭਾਈ ਗੁਰਦਾਸ ਦੀ ਪ੍ਰਭਾਵਸ਼ਾਲੀ ਸਰੀਰਕ ਦੱਖ ਉਨ੍ਹਾਂ ਦੇ ਵਿਅਕਤਿਤਵ ਦਾ ਪ੍ਰਦਰਸ਼ਨ ਰਰਦੀ ਹੈ। ''ਭਾਈ ਸਾਹਿਬ ਦੀ ਸ਼ਕਲ ਬਚਪਨ ਤੋਂ ਹੀ ਪ੍ਰਭਾਵਸ਼ਾਲੀ, ਅਲੌਕਿਕ ਤੇ ਮਨਮੋਹਣੀ ਸੀ। ਜਿਸਮ ਗਠੀਲਾ, ਅਰੋਗ ਅਤੇ ਸਤਿਗੁਰ ਦੀ ਬਖ਼ਸ਼ਿਸ਼ ਦਾ ਨਮੂਨਾ ਸੀ।''[5] ਭਾਈ ਗੁਰਦਾਸ ਦੇ ਜੋ ਚਿਤ੍ਰ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹ ਵਧੇਰੇ ਕਲਪਨਾ 'ਤੇ ਹੀ ਆਧਾਰਿਤ ਹਨ ਅਤੇ ਭਾਈ ਸਾਹਿਬ ਨੂੰ 'ਟਿਪੀਕਲ ਸਿੱਖ' ਦੇ ਰੂਪ ਵਿਚ ਪ੍ਰਸਤੁਤ ਕਰਦੇ ਹਨ। ਡਾ. ਰਤਨ ਸਿੰਘ ਜੱਗੀ ਨੇ ਬਨਾਰਸ ਦੇ ਚੇਤਨ ਮਠ ਵਿਚ ਸੁਰੱਖਿਅਤ ਭਾਈ ਗੁਰਦਾਸ ਦੇ ਲਗ ਪਗ 150 ਸਾਲ ਪੁਰਾਣੇ ਚਿਤ੍ਰ ਦਾ ਜ਼ਿਕਰ ਕੀਤਾ ਹੈ। ਭਾਵੇਂ ਉਹ ਇਸ ਚਿਤ੍ਰ ਨੂੰ ਵਾਸਤਵਿਕ ਨਹੀਂ ਮੰਨਦੇ ਪਰ ਇਸ ਚਿਤ੍ਰ 'ਚੋਂ ਬ੍ਰਿਧ ਅਵਸਥਾ ਵਿਚ ਭਾਈ ਸਾਹਿਬ ਦੇ ਪਤਲੇ ਤੇ ਸਾਧੇ ਹੋਏ ਸਰੀਰ ਦੇ ਦਰਸ਼ਨ ਹੁੰਦੇ ਹਨ।[6] ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਦਾ ਸਰੀਰ ਗਠੀਲਾ, ਪਤਲਾ ਤੇ ਸਾਧਿਆ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਤੇ ਉਨ੍ਹਾਂ ਦੀ ਨੁਹਾਰ ਬੜੀ ਪ੍ਰਭਾਵਸ਼ਾਲੀ ਸੀ ।

ਭਾਈ ਗੁਰਦਾਸ ਦੇ ਪਹਿਰਾਵੇ ਸੰਬੰਧੀ ਨਿਸਚੇ ਨਾਲ ਕੁਝ ਕਹਿਣਾ ਸੰਭਵ ਨਹੀਂ, ਕਿਸੇ ਲਿਖਤ ਵਿਚੋਂ ਅਜਿਹਾ ਕੋਈ ਵਿਵਰਣ ਨਹੀਂ ਮਿਤਦਾ । ਭਾਈ ਗੁਰਦਾਸ ਦੇ ਇਕ ਵਿਅਕਤੀ-ਚਿਤ੍ਰ ਵਿਚ ਭਾਈ ਸਾਹਿਬ ਦੇ ਪਹਿਰਾਵੇ ਦਾ ਉਲੇਖ ਇਸ ਤਰ੍ਹਾਂ ਕੀਤਾ ਗਿਆ ਹੈ :

ਚਿੱਟਾ ਬਾਣਾ ਨੂਰਾਂ ਧੋਤਾ, ਹਸਵਾਂ ਰਸਵਾਂ ਚਿਹਰਾ ।
ਅਸਰ ਪਾਉਨੀ ਖੰ੍ਬੇ ਚੜ੍ਹਿਆ, ਚਿੱਟਾ ਦਾੜ੍ਹਾ ਉਹਦਾ ।
ਪੱਗ ਪੁਰਾਣੇ ਸਿੱਖੀ ਢੰਗ ਦੀ, ਅੱਧਾ ਚੰਦ ਸਿਰ ਧਰਿਆ ।
ਨੈਣਾਂ ਦੇ ਵਿਚ ਸੋਹਣਾ ਵਸਿਆ, ਤੇ ਮੇਰਾ ਦਿਲ ਠਰਿਆ ।[7]

ਭਾਵੇਂ ਇਹ ਚਿਤ੍ਰ ਕਲਪਿਤ ਹੀ ਹੈ ਪਰ ਇਸ ਤੋਂ ਇਹ ਅੰਦਾਜ਼ਾ ਜ਼ਰੂਰ ਲਾਇਆ ਜਾ ਸਕਦਾ ਹੈ ਕਿ ਭਾਈ ਗੁਰਦਾਸ ਦਾ ਸਫ਼ੈਦ ਲਿਬਾਸ ਤੇ ਪੁਰਾਣੇ ਸਿੱਖੀ ਢੰਗ ਦੀ ਦਸਤਾਰ ਉਨ੍ਹਾਂ ਦੇ ਵਿਅੱਕਤਿਤਵ ਨੂੰ ਅਲੌਕਿਕਤਾ ਪ੍ਰਦਾਨ ਕਰਦੇ ਹਨ । ਸਰਦੂਲ ਸਿੰਘ ਦਾ ਵਿਚਾਰ ਹੈ ਕਿ ਭਾਈ ਗੁਰਦਾਸ ਸ਼ਸਤ੍ਰਧਾਰੀ ਸਨ ।[8] ਇਹ ਗੱਲ ਮੰਨਣਯੋਗ ਵੀ ਹੈ । ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ । ਧਰਮ ਦੀ ਰੱਖਿਆਂ ਤੇ ਜ਼ੁਲਮ ਦੇ ਨਾਸ਼ ਲਈ ਸਿੱਖਾਂ ਨੇ ਤਲਵਾਰ ਫੜ ਲਈ ਸੀ । ਇਸ ਤਰ੍ਹਾਂ ਸਿੱਖਾਂ ਵਿਚ ਬੀਰਤਾ ਦੀ ਰੌਂਅ ਵਿਦਮਾਨ ਹੋਣ ਕਾਰਣ ਉਹ ਸ਼ਸਤ੍ਰਧਾਰੀ ਹੋ ਗਏ ਸਨ । ਭਾਈ ਗੁਰਦਾਸ ਤਾਂ ਮੋਢੀ ਗੁਰਸਿੱਖਾਂ ਵਿਚੋਂ ਸਨ । ਇਸ ਤਰ੍ਹਾਂ ਭਾਈ ਗੁਰਦਾਸ ਦਾ ਸ਼ਸਤ੍ਰਧਾਰੀ ਹੋਣਾ ਸੰਭਵ ਹੈ ਅਤੇ ਹੋਰ ਗੁਰਸਿੱਖਾਂ ਵਾਂਗ ਉਹ, ਆਤਮ ਰੱਖਿਆ ਲਈ, ਕ੍ਰਿਪਾਨ ਆਦਿ ਰੱਖਦੇ ਹੋਣਗੇ ।

(ਅ) ਸ਼ੁੱਧ ਤੇ ਸੁੰਦਰ ਲਿਖਤ :

ਕਿਸੇ ਵਿਅਕਤੀ ਦੀ ਹੱਤ-ਲਿਖਤ ਉਸ ਦੀ ਸ਼ਖਸੀਅਤ ਦਾ ਪ੍ਰਤਿਬਿੰਬ ਹੁੰਦੀ ਹੈ । ਮਨੋਵਿਗਿਆਨੀ ਹੱਥ-ਲਿਖਤ ਦੇ ਆਧਾਰ 'ਤੇ ਹੀ ਕਿਸੇ ਮਨੁੱਖ ਦੀਆਂ ਆਦਤਾਂ, ਆਚਰਣ, ਸੁਭਾਅ ਆਦਿ ਦਾ ਮੁਲਾਂਕਣ ਕਰ ਲੈਂਦੇ ਹਨ । ਉਨ੍ਹਾਂ ਦੇ ਉੱਚੇ ਤੇ ਸੁੱਚੇ ਜੀਵਨ ਵਾਂਗ, ਭਾਈ ਸਾਹਿਬ ਦੀ ਲਿਖਤ ਸੁੰਦਰ, ਰਵਾਂ ਤੇ ਮਾਂਜੀ ਹੋਈ ਸੀ । ਕਰਤਾਰਪੁਰ ਦੀ ਆਦਿ ਬੀੜ, ਜੋ ਭਾਈ ਗੁਰਦਾਸ ਦੀ ਕਲਮ ਦੁਆਰਾ ਲਿਖੀ ਗਈ ਹੈ, ਤੋਂ ਉਨ੍ਹਾਂ ਦੀ ਸ਼ੁੱਧ ਤੇ ਸੁੰਦਰ ਲਿਖਤ ਦੇ ਦਰਸ਼ਨ ਕੀਤੇ ਜਾ ਸਕਦੇ ਹਨ । ਲਿਖਣ ਦੇ ਨਵੀਨ ਢੰਗਾਂ ਦਾ ਵੀ ਭਾਈ ਗੁਰਦਾਸ ਨੂੰ ਪੂਰਾ ਗਿਆਨ ਸੀ । ਗੁਰੂ ਅਰਜਨ ਦੇਵ ਜੀ ਨੇ ਭਾਈ ਸਾਹਿਬ ਨੂੰ ਆਦਿ ਗ੍ਰੰਥ ਲਿਖਣ ਦੀ ਸੇਵਾ ਬਖ਼ਸ਼ਣ ਸਮੇਂ ਉਨ੍ਹਾਂ ਦੀ ਵਿਦਦਤਾ ਤੋਂ ਇਲਾਵਾ ਸੁੰਦਰ ਤੇ ਸ਼ੁੱਧ ਲਿਖਤ ਨੂੰ ਵੀ ਧਿਆਨ ਵਿਚ ਰਖਿਆ ਹੋਵੇਗਾ । ਆਦਿ ਗ੍ਰੰਥ ਜਹੀ ਮਹਾਨ ਰਚਨਾ ਦੇ ਲਿਖਾਰੀ ਦੀ ਲਿਖਤ ਭੱਦੀ ਤੇ ਸ਼ਬਦ-ਜੋੜ ਗ਼ਲਤ ਕਿਵੇਂ ਹੋ ਸਕਦੇ ਸਨ ? ਇਸ ਤਰ੍ਹਾਂ ਭਾਈ ਗੁਰਦਾਸ ਦੀ ਸ਼ੁੱਧ ਤੇ ਸੁੰਦਰ ਲਿਖਤ ਉਨ੍ਹਾਂ ਦੇ ਵਿਅੱਕਤਿਤਵ ਨੂੰ ਹੋਰ ਵੀ ਨਿਖਾਰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ।

(ੲ) ਵਿਸ਼ਾਲ ਜੀਵਨ ਅਨੁਭਵ :

ਭਾਈ ਗੁਰਦਾਸ ਦੇ ਵਿਅੱਕਤਿਤਵ ਦਾ ਇਕ ਮਹੱਤਵਪੂਰਨ ਤੱਤ ਉਨ੍ਹਾਂ ਦਾ ਵਿਸ਼ਾਲ ਤੇ ਬਹੁਪੱਖੀ ਜੀਵਨ ਅਨੁਭਵ ਹੈ । ਸ਼ਾਇਦ ਹੀ ਗਿਆਨ ਦਾ ਕੋਈ ਅਜਿਹਾ ਖੇਤ੍ਰ ਹੋਵੇਗਾ ਜਿਸ ਦੀ ਜਾਣਕਾਰੀ ਭਾਈ ਸਾਹਿਬ ਨੂੰ ਨਾ ਹੋਵੇ । ਡਾ. ਰਤਨ ਸਿੰਘ ਜੱਗੀ ਦੇ ਕਥਨ ਅਨੁਸਾਰ, "ਪੰਜਾਬੀ ਕਵਿਤਾ ਵਿਚ ਅਜਿਹਾ ਬਹੁਪੱਖੀ ਗਿਆਨ ਕੁਝ ਕੁਝ ਵਾਰਿਸ ਸ਼ਾਹ ਵਿਚ ਵੇਖਿਆ ਜਾ ਸਕਦਾ ਹੈ । ਪਰ ਵਾਰਿਸ ਨੇ ਕੇਵਲ ਗਿਆਨ ਦਾ ਪ੍ਰਦਰਸ਼ਨ ਕੀਤਾ ਹੈ, ਪਰ ਭਾਈ ਗੁਰਦਾਸ ਨੇ ਗਿਆਨ ਨੂੰ ਆਪਣੀ ਗੱਲ ਸਪਸ਼ਟ ਕਰਨ ਲਈ ਵਰਤਿਆ ਹੈ । ਇਨ੍ਹਾਂ ਦੇ ਗਿਆਨ ਨੂੰ ਜੇ ਵਿਸ਼ੇ ਨਾਲੋਂ ਵੱਖ ਕਰ ਲਿਆ ਜਾਵੇ ਤਾਂ ਵਿਸ਼ੇ ਦਾ ਉਸਰਿਆ ਭਵਨ ਢਹਿ ਢੇਰੀ ਹੋ ਜਾਂਦਾ ਹੈ ।"[9] ਵਿਸ਼ਾਲ ਤੇ ਬਹੁਪੱਖੀ ਗਿਆਨ ਦੇ ਸਹਾਰੇ ਹੀ ਭਾਈ ਸਾਹਿਬ ਹਰ ਵਿਸ਼ੇ ਦੀ ਡੂੰਘਾਈ ਵਿਚ ਪੁੱਜ ਕੇ ਉਸ ਨੂੰ ਬਰੀਕੀ ਨਾਲ ਚਿਤ੍ਰ ਸਕੇ ਹਨ । ਇਸ ਤਰ੍ਹਾਂ ਦੇ ਗਿਆਨ ਦਾ ਪ੍ਰਦਰਸ਼ਨ ਉਨ੍ਹਾਂ ਦੇ ਪ੍ਰਸਤੁਤ ਅਨੇਕਾਂ ਦ੍ਰਿਸ਼ਟਾਂਤ ਕਰਦੇ ਹਨ । ਇੱਕੋ ਭਾਵ ਲਈ ਉਹ ਕਈ ਕਈ ਦ੍ਰਿਸ਼ਟਾਂਤਾਂ ਦੀ ਲੜੀ ਪਰੋ ਦਿੰਦੇ ਹਨ । ਕੋਈ ਸੀਮਿਤ ਜਹੇ ਗਿਆਨ ਵਾਲਾ ਕਵੀ ਦ੍ਰਿਸ਼ਟਾਂਤਾ ਦੀ ਅਜਿਹੀ ਭਰਪੂਰ ਵਰਤੋਂ ਨਹੀਂ ਕਰ ਸਕਦਾ ।

(ਸ) ਭਾਸ਼ਾ ਵਿਸ਼ੇਸ਼ੱਗ :

ਭਾਈ ਗੁਰਦਾਸ ਦਾ ਭਾਸ਼ਾ-ਗਿਆਨ ਵੀ ਬੜਾ ਵਿਸ਼ਾਲ ਸੀ । ਭਾਵੇਂ ਉਨ੍ਹਾਂ ਨੇ ਕਬਿੱਤ-ਸਵੱਯੇ ਬ੍ਰਜ ਭਾਸ਼ਾ ਵਿਚ ਅਤੇ ਵਾਰਾਂ ਪੰਜਾਬੀ ਵਿਚ ਲਿਖੀਆਂ ਹਨ ਪਰ ਕਿਹਾ ਜਾਂਦਾ ਹੈ ਕਿ ਉਹ ਸੱਤ ਜ਼ਬਾਨਾਂ ਦੇ ਮਾਹਰ ਸਨ ।[10] ਉਨ੍ਹਾਂ ਪਾਸ ਸ਼ਬਦਾਂ ਦਾ ਅਮੁੱਕ ਭੰਡਾਰ ਸੀ । ਉਹ ਹਰ ਸ਼ਬਦ ਨੂੰ ਮਾਂਜ-ਸਵਾਰ ਕੇ ਤੇ ਲਿਸ਼ਕਾ ਕੇ ਥਾਂ-ਸਿਰ ਵਰਤਣਾ ਜਾਣਦੇ ਸਨ ਅਤੇ ਲੋੜ ਪੈਣ 'ਤੇ ਆਪ ਹੀ ਢੁਕਵਾਂ ਸ਼ਬਦ ਘੜ ਲੈਂਦੇ ਸਨ । ਪੰਜਾਬੀ ਵਾਰਾਂ ਵਿਚ ਸੰਸਕ੍ਰਿਤ, ਫ਼ਾਰਸੀ, ਅਰਬੀ, ਬ੍ਰਜ ਭਾਸ਼ਾ ਆਦਿ ਅਤੇ ਲਹਿੰਦੀ, ਪੋਠੋਹਾਰੀ. ਮਾਝੀ ਆਦਿ ਉਪ-ਭਾਖਾਵਾਂ ਦੇ ਸ਼ਬਦਾਂ ਦੀ ਅਨੂਠੀ ਜੜ੍ਹਤ ਉਨ੍ਹਾਂ ਦੇ ਵਿਸ਼ਾਲ ਭਾਸ਼ਾ-ਗਿਆਨ ਦੀ ਸੂਚਿਕ ਹੈ । ਅਨੇਕਾਂ ਭਾਸ਼ਾਵਾਂ ਦਾ ਗਿਆਨ, ਅਮੁੱਕ ਸ਼ਬਦ-ਭੰਡਾਰ ਅਤੇ ਸ਼ਬਦਾਂ ਦੀ ਸੁਚੱਜੀ ਵਰਤੋਂ ਦੇ ਆਧਾਰ 'ਤੇ ਅਸੀਂ ਭਾਈ ਗੁਰਦਾਸ ਨੂੰ ਭਾਸ਼ਾ-ਵਿਸ਼ੇਸ਼ੱਗ ਕਹਿ ਸਕਦੇ ਹਾਂ ਅਤੇ ਉਨ੍ਹਾਂ ਦੀ ਇਹ ਭਾਸ਼ਾ-ਯੋਗਤਾ ਉਨ੍ਹਾਂ ਦੇ ਵਿਅੱਕਤਿਤਵ ਦੀ ਸ਼ਾਨ ਹੈ ।

(ਹ) ਤੀਖਣ ਯਾਦ ਤੇ ਗ੍ਰਹਿਣ ਸ਼ਕਤੀ :

ਭਾਈ ਗੁਰਦਾਸ ਦੀ ਯਾਦਾਸ਼ਤ ਤੇ ਕਿਸੇ ਭਾਵ ਜਾਂ ਵਿਚਾਰ ਨੂੰ ਗ੍ਰਹਿਣ ਕਰਨ ਦੀ ਸ਼ਕਤੀ ਕਮਾਲ ਦੀ ਸੀ । "ਜੋ ਇਕ ਵਾਰੀ ਪੜ੍ਹਨਾ ਜਾਂ ਸੁਣਨਾ ਉਸ ਨੂੰ ਕੇਵਲ ਯਾਦ ਹੀ ਨਾ ਰੱਖਣਾ ਸਗੋਂ ਉਸ ਦੇ ਗੂੜ੍ਹੇ ਭਾਵਾਂ ਨੂੰ ਸਪਸ਼ਟ ਕਰਕੇ ਪ੍ਰਗਟਾ ਦੇਣਾ ਆਪ ਦਾ ਮਮੂਲੀ ਕਰਤੱਵ ਸੀ" ।[11] ਭਾਈ ਸਾਹਿਬ ਦੀ ਯਾਦਾਸ਼ਤ ਦੀ ਉਦਾਹਰਣ ਇਸ ਗੱਲ ਤੋਂ ਹੀ ਮਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦੀ ਹੈ ਕਿ ਜਦ ਉਨ੍ਹਾਂ ਨੂੰ ਕੁਝ ਪ੍ਰਮੁੱਖ ਸਿੱਖਾਂ ਦੇ ਨਾਂ ਗਿਣਨ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਪਹਿਲੀ ਤੋਂ ਛੇਵੀਂ ਪਾਤਿਸ਼ਾਹੀ ਦੇ ਸਮੇਂ ਪ੍ਰਮੁੱਖ ਸਿੱਖਾਂ ਦੇ ਨਾਂ ਹੀ ਨਹੀਂ ਗਿਣੇ ਸਗੋਂ ਉਨ੍ਹਾਂ ਦਾ ਵਿਸਤ੍ਰਿਤ ਵੇਰਵਾ ਵੀ ਦਿੱਤਾ ਹੈ। ਇਹ ਭਾਈ ਗੁਰਦਾਸ ਦੀ ਤੀਖਣ ਯਾਦਾਸ਼ਤ ਤੇ ਗ੍ਰਹਿਣ ਸ਼ਕਤੀ ਦਾ ਹੀ ਕ੍ਰਿਸ਼ਮਾ ਹੈ।

(ਕ) ਸੰਗੀਤ ਪ੍ਰੇਮ :

ਭਾਈ ਗੁਰਦਾਸ ਸੰਗੀਤ ਦੇ ਰਸੀਏ ਸਨ ਤੇ ਆਪ ਵੀ ਰਾਗ ਵਿਦਿਆ ਵਿਚ ਨਿਪੁੰਨ ਸਨ। ਹਰਿਮੰਦਰ ਸਾਹਿਬ ਦੀ ਸਥਾਪਨਾ ਉਪਰੰਤ ਕੀਰਤਨ ਕਰਨ ਦੀ ਰੀਤ ਕਾਇਮ ਹੋਈ ਜਿਸ ਨਾਲ ਗੁਰਬਾਣੀ ਦੇ ਰਸ ਦੀ ਫੁਹਾਰ ਤਪਦਿਆਂ ਹਿਰਦਿਆਂ ਨੂੰ ਸ਼ਾਂਤ ਕਰਨ ਲੱਗੀ। ਕੀਰਤਨ ਦਰਬਾਰ ਸੰਗਤਾਂ ਲਈ ਅਨੋਖੀ ਖਿੱਚ ਦਾ ਕਾਰਣ ਬਣਿਆ। ਚੰਗੇ ਚੰਗੇ ਰਾਗੀ ਹਰਿਮੰਦਰ ਸਾਹਿਬ ਵਿਚ ਕੀਰਤਨ ਕੀਤਾ ਕਰਦੇ ਸਨ। ਕਦੀ ਕਦੀ ਭਾਈ ਗੁਰਦਾਸ ਵੀ ਗੁਰੂ ਜੀ ਤੇ ਹੋਰ ਗੁਰਸਿੱਖਾਂ ਨਾਲ ਸ਼ਬਦ ਚੌਂਕੀ ਤੇ ਗੁਰਬਾਣੀ ਦਾ ਗਾਇਨ ਕਰਦੇ ਸਨ।[12] ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦੇਣ ਦਾ ਕਾਰਜ ਵੀ ਭਾਈ ਗੁਰਦਾਸ ਨੂੰ ਸੌਂਪਿਆ ਗਿਆ ਸੀ ਜੋ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਭਾਈ ਸਾਹਿਬ ਰਾਗ ਵਿਦਿਆ ਵਿਚ ਪ੍ਰਬੀਨ ਸਨ। ਸਾਹਿਤਕ ਪ੍ਰਤਿਭਾ ਦੇ ਨਾਲ ਹੀ ਸੰਗੀਤ ਕਲਾ ਵਿਚ ਨਿਪੁੰਨਤਾ ਭਾਈ ਗੁਰਦਾਸ ਦੇ ਵਿਅੱਕਤਿਤਵ ਨੂੰ ਹੋਰ ਵੀ ਸ੍ਰੇਸ਼ਟ ਬਣਾ ਦਿੰਦੀ ਹੈ।

(ਖ) ਕਾਵਿਮਈ ਨੁਹਾਰ :

ਭਾਈ ਸਾਹਿਬ ਨੂੰ ਕਵਿਤਾ ਦੀ ਦਾਤ ਮੁੱਢ ਤੋਂ ਹੀ ਮਿਲੀ ਹੋਈ ਸੀ। ਭਾਈ ਸਾਹਿਬ ਦਾ ਇਕ ਵਿਅਕਤੀ-ਚਿਤ੍ਰ ਉਨ੍ਹਾਂ ਦੀ ਕਾਵਿਮਈ ਨੁਹਾਰ ਨੂੰ ਰੂਪਮਾਨ ਕਰਦਾ ਹੈ, ਜਿਵੇਂ :

ਓਹਦੇ ਚਾਰੇ ਪਾਸੇ ਹੈਸਨ ਕਾਗ਼ਜ਼ ਬਹੀਆਂ ਕਿੰਨੀਆਂ।
ਰਾਜੇ ਇੰਦਰ ਦੀ ਸਭਾ ਵਿਚ ਪਰੀਆਂ ਹੋਵਨ ਜਿੰਨੀਆਂ।
ਕਾਗ਼ਜ਼ 'ਤੇ ਕਾਨੀ ਚਲਦੀ ਸੀ ਜਿਵੇਂ ਅਪੱਛਰਾਂ ਨੱਚਦੀ।
ਜਾਂ ਸੁਹਣਾ ਤੱਕ ਜੋਬਨ ਮੱਤੀ ਗਿੱਧੇ ਵਿਚੋਂ ਮੱਚਦੀ।[11]

(ਗ) ਭਾਵੁਕਤਾ :

ਭਾਈ ਗੁਰਦਾਸ ਦਾ ਸੁਭਾਅ ਬੜਾ ਨਰਮ ਸੀ ਤੇ ਉਹ ਬਹੁਤ ਛੇਤੀ ਭਾਵਕ ਹੋ ਜਾਂਦੇ ਸਨ। 'ਪੀਰ ਮੁਰੀਦਾ ਪਿਰਹੜੀ' ਵਰਗੀਆਂ ਪੰਕਤੀਆਂ ਦਾ ਲੇਖਕ ਕਠੋਰ ਕਿਵੇਂ ਹੋ ਸਕਦਾ ਹੈ ? ਉਨ੍ਹਾਂ ਨੂੰ ਹਮੇਸ਼ਾਂ ਹੀ ਗੁਰੂ ਸਾਹਿਬਾਨ ਦੀ ਨੇੜਤਾ ਦਾ ਮਾਣ ਪ੍ਰਾਪਤ ਰਿਹਾ। ਜਦ ਉਨ੍ਹਾਂ ਨੂੰ ਗੁਰੂ-ਚਰਨਾਂ ਤੋਂ ਵਧੇਰੇ ਸਮੇਂ ਲਈ ਦੂਰ ਰਹਿਣਾ ਪੈ ਜਾਂਦਾ ਤਾਂ ਬਿਰਹਾ, ਉਨ੍ਹਾਂ ਨੂੰ ਵਿਆਕੁਲ ਕਰ ਦਿੰਦਾ। ਗੁਰੂ ਹਰਿਗੋਬਿੰਦ ਜੀ ਦੇ ਵੇਲੇ 'ਹਉਮੇ ਨਿਵ੍ਰਤੀ' ਵਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘਟਨਾ ਸਮੇਂ ਭਾਈ ਗੁਰਦਾਸ ਨੱਸ ਕੇ ਕਾਂਸ਼ੀ ਚਲੇ ਗਏ ਤਾਂ ਵਿਯੋਗ ਵਿਚ ਉਨ੍ਹਾਂ ਦੀ ਮਨੋਦਸ਼ਾ ਕਰੁਣਾ ਭਰਪੂਰ ਹੋ ਗਈ। 'ਗੁਰ ਬਿਲਾਸ' ਵਿਚ ਭਾਈ ਗੁਰਦਾਸ ਦੀ ਪੀੜ੍ਹਿਤ ਆਤਮਾ ਦਾ ਚਿਤ੍ਰਣ ਇਸ ਤਰ੍ਹਾਂ ਕੀਤਾ ਗਿਆ ਹੈ :

ਅਧਿਕ ਵਿਰਹਿ ਭਾਈ ਰਿਦੈ ਨੀਦ ਪਰੈ ਨਹਿ ਨੈਨ।
ਜੈਸੇ ਮੀਨ ਬਿਯੋਗ ਜਲ ਚੈਨ ਨਾਹਿ ਰਿਦ ਐਨ ।208।।[14]

ਆਪਣੀ ਜ਼ਿੰਦਗੀ ਵਿਚ ਭਾਈ ਗੁਰਦਾਸ ਨੂੰ ਤਿੰਨ ਗੁਰੂਆਂ ਅਤੇ ਬਾਬਾ ਬੁੱਢਾ ਜੀ ਵਰਗੇ ਸ੍ਰੇਸ਼ਟ ਗੁਰਸਿੱਖ ਦਾ ਸਦੀਵੀ ਵਿਛੋੜਾ ਸਹਿਣਾ ਪਿਆ ਜਿਸ ਨਾਲ ਉਨ੍ਹਾਂ ਦੀ ਆਯੂ ਦੇ ਅੰਤਲੇ ਸਮੇਂ ਉਨ੍ਹਾਂ ਦਾ ਮਨ ਹੋਰ ਵੀ ਪਿਘਲ ਗਿਆ।

ਹਵਾਲੇ ਅਤੇ ਟਿੱਪਣੀਆਂ

1. 'ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ' ਪੰਨਾ 86.
2. 'ਭਾਈ ਗੁਰਦਾਸ'— 'ਜੀਵਨੀ ਤੇ ਰਚਨਾ', ਪੰਨਾ 25.
3. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 32.
4. ਹਰਿੰਦਰ ਸਿੰਘ ਰੂਪ, 'ਭਾਈ ਗੁਰਦਾਸ', ਪੰਨਾ 28.
5. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 5–6.
6. 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਨਾ 31.
7. ਹਰਿੰਦਰ ਸਿੰਘ ਰੂਪ, 'ਭਾਈ ਗੁਰਦਾਸ', ਪੰਨਾ 190.
3. 'ਭਾਈ ਗੁਰਦਾਸ', ਪੰਨਾ 27. (ਪਗ–ਟਿਪਣੀ)
9. 'ਭਾਈ ਗੁਰਦਾਸ'—'ਜੀਵਨੀ ਰਚਨਾ', ਪੰਨਾ 27.
10. ਸਰਦੂਲ ਸਿੰਘ, 'ਭਾਈ ਗੁਰਦਾਸ', ਪੰਨਾ 32.
11. ਉਹੀ, ਪੰਨਾ 7.
12. ਉਹੀ, ਪੰਨਾ 12.
13. ਹਰਿੰਦਰ ਸਿੰਘ ਰੂਪ, 'ਭਾਈ ਗੁਰਦਾਸ', ਪੰਨਾ 190.
14. 'ਗੁਰਬਿਲਾਸ ਪਾਤਿਸ਼ਾਹੀ' 6, ਪੰਨਾ 381.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਰਚਨਾ

ਭਾਈ ਗੁਰਦਾਸ ਦੀ ਰਚਨਾ ਸੰਬੰਧੀ ਕੀਤੀ ਖੋਜ ਦੇ ਫਲਸਰੂਪ ਹੁਣ ਤੱਕ ਉਨ੍ਹਾਂ ਦੀ ਤਿੰਨ ਪ੍ਰਕਾਰ ਦੀ ਕਾਵਿ-ਰਚਨਾ ਮਿਲਦੀ ਹੈ—ਸੰਸਕ੍ਰਿਤ ਸ਼ਲੋਕ, ਬ੍ਰਜ ਭਾਸ਼ਾ ਵਿਚ ਕਬਿੱਤ ਤੇ ਸਵੱਯੇ ਅਤੇ ਪੰਜਾਬੀ ਵਾਰਾਂ। ਡਾ. ਸੀਤਾ ਰਾਮ ਬਾਹਰੀ ਦਾ ਵਿਚਾਰ ਹੈ ਕਿ, "ਉਨ੍ਹਾਂ ਨੇ ਕੁਝ ਸ਼ਬਦ (ਗੀਤ) ਵੀ ਜ਼ਰੂਰ ਰਚੇ ਹੋਣਗੇ। ਕਿਉਂਕਿ ਉਹ ਗੁਰਬਾਣੀ ਦੀ ਧਾਰਨਾ 'ਤੇ ਸਾਹਿਤ ਦਾ ਨਿਰਮਾਣ ਕਰ ਰਹੇ ਸਨ। ਉਨ੍ਹਾਂ ਦਾ ਰਾਗ ਵਿਦਿਆ ਦਾ ਸ਼ੌਕ ਵੀ ਸੀ। ...ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦੇ ਕੁਝ ਦੋਹੜੇ ਇਕੱਠੇ ਕੀਤੇ ਸਨ ਪਰ ਉਹ 1947 ਈਸਵੀ ਵਿਚ ਹੋਏ ਫ਼ਸਾਦਾਂ ਦੇ ਵੇਲੇ 'ਖ਼ਾਲਸਾ ਸਮਾਚਾਰ' ਦੇ ਦਫ਼ਤਰ ਵਿਚ ਅੱਗ ਲੱਗਣ ਦੇ ਕਾਰਣ ਨਸ਼ਟ ਹੋ ਗਏ"।[1]

(ੳ) ਸੰਸਕ੍ਰਿਤ ਸ਼ਲੋਕ :

'ਗੁਰ ਪ੍ਰਤਾਪ ਸੂਰਜ' ਵਿਚ ਭਾਈ ਗੁਰਦਾਸ ਦੇ ਅਨੁਸ਼ਪਟ ਛੰਦ ਵਿਚ ਰਚੇ ਛੇ ਸੰਸਕ੍ਰਿਤ ਸ਼ਲੋਕ ਵੀ ਮਿਲਦੇ ਹਨ। ਇਸ ਗ੍ਰੰਥ ਵਿਚ ਦਿੱਤੇ ਪ੍ਰਸੰਗ ਅਨੁਸਾਰ ਕੁਝ ਪੰਡਿਤਾਂ ਨੇ ਭਾਈ ਗੁਰਦਾਸ ਪਾਸੋਂ ਪਰਮਾਤਮਾ ਦੇ ਪਰਚਲਿਤ ਨਾਵਾਂ ਦੀ ਥਾਂ 'ਵਾਹਿਗੁਰੂ' ਸ਼ਬਦ ਅਪਨਾਉਣ ਦਾ ਕਾਰਣ ਪੁੱਛਿਆ ਤਾਂ ਭਾਈ ਸਾਹਿਬ ਨੇ ਉਨ੍ਹਾਂ ਪੰਡਿਤਾਂ ਦੇ ਸ਼ੰਕੇ ਦੀ ਨਵ੍ਰਿਤੀ ਲਈ ਇਨ੍ਹਾਂ ਸੰਸਕ੍ਰਿਤ ਸ਼ਲੋਕਾਂ ਦੀ ਰਚਨਾ ਕਰਕੇ 'ਵਾਹਿਗੁਰੂ' ਸ਼ਬਦ ਦੀ ਸੰਪੂਰਨ ਵਿਆਖਿਆ ਕੀਤੀ। ਜਿਸ ਤੋਂ ਕਾਂਸ਼ੀ ਦੇ ਪੰਡਿਤ ਬੜਾ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਭਾਈ ਸਾਹਿਬ ਦੀ ਬਹੁਤ ਪ੍ਰਸੰਸਾ ਕੀਤੀ :

ਜੈ ਗੁਰਦਾਸ ਵਿਮਲ ਮਤਿ ਗਯਾਨੀ। ਅਬ ਹਮਰੇ ਮਨ ਨਿਸਚੇ ਠਾਨੀ।
ਤੁਮ ਤੇ ਸੰਸ਼ਯ ਗਯੋ ਹਮਾਰਾ। ਬਿਬਿਧ ਭੇਦ ਬਿਧਿ ਕੀਓ ਉਚਾਰਾ ॥[2]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਗੁਰਦਾਸ ਦੇ ਇਨ੍ਹਾਂ ਸੰਸਕ੍ਰਿਤ ਸ਼ਲੋਕਾਂ ਦਾ ਮੂਲ ਪਾਠ ਅਜੇ ਤੱਕ ਨਹੀਂ ਮਿਲ ਸਕਿਆ । ਸੰਸਕ੍ਰਿਤ ਤੋਂ ਪੰਜਾਬੀ ਵਿਚ ਉਤਾਰਾ ਕਰਨ ਸਮੇਂ ਇਨ੍ਹਾਂ ਸ਼ਲੋਕਾਂ ਦਾ ਪਾਠ ਅਸ਼ੁੱਧ ਕਰ ਦਿੱਤਾ ਗਿਆ ਹੈ । ਇਨ੍ਹਾਂ ਅਸ਼ੁਧੀਆਂ ਦੀ ਸੋਧ ਤਾਂ ਹੀ ਹੋ ਸਕਦੀ ਹੈ ਜੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਦਾ ਅਸਲੀ ਨੁਸਖ਼ਾ ਮਿਲ ਜਾਵੇ ।[3]

(ਅ) ਕਬਿੱਤ ਸਵੱਯੇ :

ਸੰਨ 1940 ਈਸਵੀ ਤੱਕ ਭਾਈ ਗੁਰਦਾਸ ਦੇ ਰਚੇ 556 ਕਬਿੱਤ-ਸਵੱਯੇ ਹੀ ਛਪੇ ਹੋਏ ਮਿਲਦੇ ਸਨ ਪਰ ਭਾਈ ਵੀਰ ਸਿੰਘ ਨੂੰ ਕਬਿੱਤ-ਸਵੱਯਾਂ ਦੀ ਗਿਣਤੀ 556 ਤੋਂ ਵਧੇਰੇ ਹੋਣ ਦੀ ਸੰਭਾਵਨਾ 'ਗੁਰ ਪ੍ਰਤਾਪ ਸੂਰਜ' ਗ੍ਰੰਥ ਤੋਂ ਹੋਈ ਜਿਸ ਵਿਚ ਭਾਈ ਸੰਤੋਖ ਸਿੰਘ ਨੇ ਭਾਈ ਗੁਰਦਾਸ ਦੇ ਪ੍ਰਸੰਗ ਵਿਚ ਭਾਈ ਸਾਹਿਬ ਦੇ ਚਾਰ ਛੰਦਾਂ ਦਾ ਅਨੁਵਾਦ ਰਾਸ 7, ਅੰਸੂ 4 (ਅੰਕ 61 ਤੇ 62) ਅਤੇ ਅੰਸੂ 5 (ਅੰਕ 39 ਤੇ 40) ਵਿਚ ਦਿੱਤਾ ਹੈ । ਇਨ੍ਹਾਂ ਵਿਚੋਂ ਪਹਿਲੇ, ਤੀਜੇ ਅਤੇ ਚੌਥੇ ਦਾ ਮੂਲ ਰੂਪ ਪਹਿਲੇ ਸਕੰਧ ਦੇ ਛੰਦ ਅੰਕ 520, 527 ਅਤੇ 528 ਵਿਚ ਮਿਲ ਜਾਂਦਾ ਹੈ ਪਰ ਦੂਜੇ ਦਾ ਕਿਤੇ ਨਹੀਂ ਮਿਲਦਾ । ਜਿਸ ਦਾ ਟੀਕਾ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ :[4]

> ਮੀਨ ਸਦਾ ਜਿਮ ਚਾਹਤ ਨੀਰ ਕੋ, ਚਾਤ੍ਰਿਕ ਬੂੰਦ ਸਦਾ ਮਨ ਚਾਹੈ ।
> ਨੀਰਜ ਚਾਹਿ ਸਦਾ ਰਵਿ ਕੀ ਪੁਨ ਔ ਨਲਿਨੀ ਸਸਿ ਦੇਖ ਉਮਾਹੈ ।
> ਅਗ੍ਰਜ ਤਾੜਿਤਿ ਹੈ ਸਭ ਹੀ ਬਹੁ ਪ੍ਰੀਤ ਨ ਤਯਾਗ ਸਦਾ ਰੁਚਿ ਆਹੈ ।
> ਤੈਸਿ ਪ੍ਰਭੂ ਮਮ ਪ੍ਰੀਤ ਰਿਦੈ ਤੁਮ ਤਾੜਤ ਹੋ ਜਨ ਪ੍ਰੀਤ ਵਧਾਵੈ ॥62॥[5]

ਭਾਈ ਵੀਰ ਸਿੰਘ ਨੇ ਇਸ ਖੇਤ੍ਰ ਵਿਚ ਖੋਜ ਕੀਤੀ ਅਤੇ 119 ਕਬਿੱਤ-ਸਵੱਯੇ ਹੋਰ ਲੱਭੇ । ਭਾਈ ਗੁਰਦਾਸ ਦੇ 556 ਕਬਿੱਤ ਪਹਿਲਾਂ ਹੀ ਪ੍ਰਕਾਸ਼ਤ ਹੋ ਚੁੱਕੇ ਸਨ, ਇਸ ਲਈ ਪਹਿਲੇ ਕਬਿੱਤਾਂ ਨਾਲੋਂ ਨਿਖੇੜਾ ਰੱਖਣ ਲਈ ਭਾਈ ਵੀਰ ਸਿੰਘ ਨੇ ਨਵੇਂ ਲੱਭੇ 119 ਕਬਿੱਤ ਸੰਪਾਦਿਤ ਕਰਕੇ "ਕਬਿੱਤ ਭਾਈ ਗੁਰਦਾਸ—ਦੂਸਰਾ ਸਕੰਧ" ਨਾਂ ਹੇਠ ਪਹਿਲੀ ਵਾਰ 1940 ਈਸਵੀ ਵਿਚ ਪ੍ਰਕਾਸ਼ਤ ਕੀਤੇ । ਦੂਸਰੇ ਸਕੰਧ ਦੇ ਕਬਿੱਤਾਂ ਦੀ ਭਾਸ਼ਾ, ਵਿਸ਼ੇਸ਼ ਸ਼ਬਦਾਂ ਦਾ ਦੁਹਰਾਓ, ਵਾਕ-ਰਚਨਾ, ਦ੍ਰਿਸ਼ਟਾਂਤ, ਸ਼ੈਲੀ, ਵਿਸ਼ੇ ਆਦਿ ਦੀ ਪਹਿਲੇ ਸਕੰਧ ਦੇ ਕਬਿੱਤਾਂ ਨਾਲ ਤੁਲਨਾ ਕਰ ਕੇ ਭਾਈ ਵੀਰ ਸਿੰਘ ਨੇ ਇਨ੍ਹਾਂ ਨੂੰ ਭਾਈ ਗੁਰਦਾਸ ਦੀ ਰਚਨਾ ਸਿਧ ਕੀਤਾ ਹੈ ।[6] ਇਸ ਤਰ੍ਹਾਂ ਭਾਈ ਗੁਰਦਾਸ ਦੇ ਕਬਿੱਤ-ਸਵੱਯਾਂ ਦੀ ਕੁਲ ਗਿਣਤੀ 675 ਬਣਦੀ ਹੈ । ਡਾ. ਰਤਨ ਸਿੰਘ ਜੱਗੀ ਦੇ ਵਿਸ਼ਲੇਸ਼ਣ ਅਨੁਸਾਰ, "ਕੁਲ 675 ਕਬਿੱਤ-ਸਵੱਯਾਂ ਵਿਚੋਂ 95 ਫ਼ੀ. ਸਦੀ ਤੋਂ ਅਧਿਕ ਕਬਿੱਤ ਹਨ । ਬਾਕੀਆਂ ਵਿਚ ਅੱਠ ਦੋਹਰੇ, ਅੱਠ ਸੋਰਠੇ, ਅੱਠ ਛੰਦ ਆਦਿ ਹਨ । ਸਵੱਯੇ ਤਾਂ ਕੇਵਲ ਤਿੰਨ ਹੀ ਹਨ ਅਤੇ ਉਹ ਵੀ ਪਹਿਲੇ ਸਕੰਧ ਵਿਚ । ਇਸ ਲਈ ਇਸ ਸੰਕਲਨ ਨੂੰ 'ਕਬਿੱਤ' ਦਾ ਨਾਂ ਦੇਣਾ ਹੀ ਉਚਿਤ ਹੈ ।"[7]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਚਨਾ ਦਾ ਸਮਾਂ ਤੇ ਸਥਾਨ : ਕਬਿੱਤ-ਸਵੱਯਾਂ ਦੀ ਰਚਨਾ ਕਿੱਥੇ ਤੇ ਕਦੋਂ ਹੋਈ ?—ਇਸ ਬਾਰੇ ਵਿਦਵਾਨਾਂ ਦੀ ਰਾਇ ਵਿਚ ਕਾਫ਼ੀ ਅੰਤਰ ਹੈ । ਡਾ. ਸੀਤਾ ਰਾਮ ਬਾਹਰੀ ਨੇ ਆਪਣੇ ਲੇਖ 'ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ' ਵਿਚ ਕਬਿੱਤ-ਸਵੱਯਾਂ ਨੂੰ ਵਾਰਾਂ ਤੋਂ ਪਿਛੋਂ ਦੀ ਰਚਨਾ ਸਿੱਧ ਕਰਨ ਦਾ ਯਤਨ ਕੀਤਾ ਹੈ ।[8] ਡਾ. ਬਾਹਰੀ ਦਾ ਇਹ ਦ੍ਰਿਸ਼ਟੀਕੋਣ ਤਰਕ ਦੀ ਕਸਵਟੀ ਉਤੇ ਪੂਰਾ ਨਹੀਂ ਉਤਰਦਾ । ਇਸ ਪ੍ਰਸੰਗ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਹਰ ਕਵੀ ਆਪਣੀ ਕਾਵਿ-ਸਿਰਜਨਾ ਦਾ ਆਰੰਭ ਆਪਣੀ ਮਾਤ-ਭਾਸ਼ਾ ਵਿਚ ਹੀ ਕਰਦਾ ਹੈ । ਇਸ ਤੋਂ ਇਲਾਵਾ ਕਬਿੱਤ-ਸਵੱਯਾਂ ਵਿਚ ਦਾਰਸ਼ਨਿਕਤਾ ਤੇ ਗੰਭੀਰਤਾ ਵਿਦਮਾਨ ਹੈ ਪਰ ਵਾਰਾਂ ਦਾ ਲਹਿਜਾ ਸਰਲ ਹੈ । ਇਸ ਤਰ੍ਹਾਂ ਕਬਿੱਤ-ਸਵੱਯਾਂ ਦੀ ਸਿਰਜਨਾ ਭਾਈ ਸਾਹਿਬ ਦੀ ਪ੍ਰੌਢ ਅਵਸਥਾ ਵਿਚ ਹੀ ਮੰਨੀ ਜਾ ਸਕਦੀ ਹੈ । ਭਾਈ ਕਾਨ੍ਹ ਸਿੰਘ ਅਨੁਸਾਰ, 'ਇਹ ਰਚਨਾ ਭਾਈ ਸਾਹਿਬ ਦੀਆਂ ਵਾਰਾਂ ਤੋਂ ਪਿਛਲੀ ਹੈ । ਕਾਂਸ਼ੀ-ਆਗਰੇ ਆਦਿਕ ਅਸਥਾਨਾਂ ਵਿਚ ਰਹਿਣ ਕਰਕੇ ਭਾਈ ਗੁਰਦਾਸ ਜੀ ਨੂੰ ਹਿੰਦੀ ਭਾਸ਼ਾ ਦੀ ਰਚਨਾ ਚੰਗੀ ਤਰ੍ਹਾਂ ਆ ਗਈ ਸੀ ।"[9] ਪੰਡਿਤ ਨਰੈਣ ਸਿੰਘ ਨੇ ਵੀ ਕਾਂਸ਼ੀ ਵਿਖੇ ਹੁੰਦੇ ਵਿਚਾਰ-ਵਟਾਂਦਰੇ ਨੂੰ ਹੀ ਭਾਈ ਗੁਰਦਾਸ ਦੇ ਕਬਿੱਤ-ਸਵੱਯਾਂ ਦਾ ਪ੍ਰੇਰਨਾ-ਸ੍ਰੋਤ ਦੱਸਿਆ ਹੈ ।[10] ਭਾਈ ਵੀਰ ਸਿੰਘ ਦੇ ਨਿਰਣੇ ਅਨੁਸਾਰ, ਛੰਦਾਂ ਵਿਚ ਮਜ਼ਮੂਨ ਅਨੇਕ ਤਰ੍ਹਾਂ ਦੇ ਹਨ, ਉਹ ਦਸਦੇ ਹਨ ਕਿ ਇਹ "ਅੱਡ ਅੱਡ ਸਮਿਆਂ ਉਤੇ ਅੱਡ ਅੱਡ ਵਾਕਯਾਤ ਹੋਣ ਪਰ ਤੇ ਅੱਡ ਅੱਡ ਨਿਰੀਖਣਾਂ ਦੇ ਸਾਹਮਣੇ ਆਉਣ ਪਰ ਅੱਡ ਅੱਡ ਵਿਸ਼ਿਆਂ ਤੇ ਲਿਖੀਂਦੇ ਰਹੇ ਹਨ । ਉਹ ਸਾਰੇ ਵਿਯੋਗ ਕਾਲ ਵਿਚ ਲਿਖੇ ਜਾਣੇ ਘੱਟ ਸੰਭਵ ਹਨ । ਬੇਸ਼ਕ ਵਿਸ਼ੇਸ਼ ਰਚਨਾ ਬਨਾਰਸ ਵਿਚ ਤੇ ਉਸ ਤੋਂ ਪਹਿਲੇ ਆਗਰੇ ਵਿਚ ਦੋਹੀਂ ਥਾਈਂ ਹੋਣੀ ਵਧੀਕ ਦਰੁਸਤ ਬਾਤ ਹੈ । ਬਨਾਰਸ ਵਾਸ ਦੇ ਸਮੇਂ ਬਿਰਹਾ ਵਿਯੋਗ ਦੇ ਰਚੇ ਗਏ ਛੰਦ ਤਾਂ ਐਸੇ ਹਨ ਜੋ ਦਸਦੇ ਹਨ ਕਿ 'ਗੁਰੂ ਵਿਛੋੜੇ' ਵਿਚ ਹੀ ਲਿਖੇ ਗਏ ਹਨ ।"[11]

ਭਾਵੇਂ ਵਧੇਰੇ ਕਬਿੱਤ-ਸਵੱਯੇ ਭਾਈ ਗੁਰਦਾਸ ਨੇ ਪੰਜਾਬ ਤੋਂ ਬਾਹਰ ਰਹਿ ਕੇ ਲਿਖੇ ਹਨ ਪਰ ਫਿਰ ਵੀ ਕੁਝ ਰਚਨਾ ਪੰਜਾਬ ਵਿਚ ਹੋਣ ਦੇ ਸੰਕੇਤ ਵੀ ਮਿਲਦੇ ਹਨ । ਗੁਰੂ ਅਰਜਨ ਦੇਵ ਜੀ ਨੇ ਵਹਿਮੀ ਪੰਡਿਤ ਦੇ ਭਰਮ ਦੀ ਨਵ੍ਰਿਤੀ ਵਾਲੀ ਘਟਨਾ ਨੂੰ ਕਾਵਿ-ਬੱਧ ਕਰਨ ਲਈ ਕਿਹਾ ਸੀ, ਜਿਵੇਂ :

ਪ੍ਰਭੁ ਗੁਰਦਾਸ ਭਾਈ ਪ੍ਰਤਿ ਗਾਏ । ਯਹ ਪ੍ਰਸੰਗ ਕੇ ਕਬਿੱਤ ਬਨਾਇ ॥

ਗੁਰੂ ਸਾਹਿਬ ਦੇ ਇਸ ਆਦੇਸ਼ ਅਨੁਸਾਰ ਭਾਈ ਗੁਰਦਾਸ ਨੇ ਉਸੇ ਵੇਲੇ ਕਬਿੱਤ ਨੰਬਰ 447 ਤੇ 448 ਦੀ ਰਚਨਾ ਕੀਤੀ ਤੇ ਸੰਗਤ ਨੂੰ ਦੀਵਾਨ ਵਿਚ ਸੁਣਾਏ ।[12] ਡਾ. ਸੀਤਾ ਰਾਮ ਬਾਹਰੀ ਨੇ ਵੀ ਕਬਿੱਤ ਨੰਬਰ 507 ਦੀਆਂ ਸਤਰਾਂ—'ਨਿਕਟ ਬਸਤ ਮਮ ਗੁਰ ਉਪਦੇਸ਼ ਹੀਨ, ਦੂਰੰਤਰਿ ਸਿੱਖ ਉਰ ਅੰਤਰ ਲੈ ਪੋਹੇਂ ਹੈਂ'—ਦੇ ਅਧਾਰ ਤੇ ਕਿਹਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਭਾਈ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਰਹਿ ਕੇ ਵੀ ਕਬਿੱਤਾਂ ਦੀ ਰਚਨਾ ਕਰਦੇ ਰਹੇ ਹਨ ।[13]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੇ ਕਬਿੱਤ-ਸਵੱਯੇ ਵਾਰਾਂ ਤੋਂ ਪਿੱਛੋਂ ਉਨ੍ਹਾਂ ਦੀ ਪ੍ਰੌਢ ਅਵਸਥਾ ਦੀ ਰਚਨਾ ਹੈ । ਭਾਵੇਂ ਥੋੜ੍ਹੇ ਜਹੇ ਕਬਿੱਤ ਪੰਜਾਬ ਵਿਚ ਵੀ ਲਿਖੇ ਹਨ ਪਰ ਕਬਿੱਤ-ਸਵੱਯਾਂ ਅੰਦਰ ਵਿਦਮਾਨ ਬ੍ਰਿਹਾ ਭਾਵ ਤੋਂ ਸਪਸ਼ਟ ਹੈ ਕਿ ਅਧਿਕਤਰ ਰਚਨਾ ਉਸ ਸਮੇਂ ਦੀ ਹੈ ਜਦ ਭਾਈ ਸਾਹਿਬ ਗੁਰਸਿੱਖੀ ਦੇ ਪ੍ਰਚਾਰ ਲਈ ਪੰਜਾਬ ਤੋਂ ਦੂਰ ਕਾਂਸ਼ੀ, ਆਗਰਾ ਆਦਿ ਥਾਵਾਂ 'ਤੇ ਗਏ ਸਨ ਜਿੱਥੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਚਰਨਾਂ ਦਾ ਵਿਛੋੜਾ ਸਹਿਣਾ ਪਿਆ । ਇਹ ਵੀ ਜ਼ਰੂਰੀ ਸੀ ਕਿ ਕਾਂਸ਼ੀ, ਆਗਰਾ ਆਦਿ ਥਾਵਾਂ 'ਤੇ ਗੁਰਸਿੱਖੀ ਦੇ ਪ੍ਰਚਾਰ ਲਈ ਉਥੋਂ ਦੇ ਧਾਰਮਿਕ ਖੇਤ੍ਰ ਵਿਚ ਪ੍ਰਚਲਿਤ ਬ੍ਰਜ ਭਾਸ਼ਾ ਨੂੰ ਅਪਣਾਇਆ ਜਾਵੇ ਤਾਂ ਕਿ ਦੂਜੇ ਧਰਮਾਂ ਦੇ ਲੋਕ ਗੁਰਸਿੱਖੀ ਦੀ ਸ੍ਰੇਸ਼ਟਤਾ ਤੋਂ ਜਾਣੂ ਹੋ ਸਕਣ ।

ਕਬਿੱਤ-ਸਵੱਯਾਂ ਦਾ ਵਿਸ਼ਾ : ਵਿਸ਼ੇ ਅਨੁਸਾਰ ਭਾਈ ਗੁਰਦਾਸ ਦੇ ਕਬਿੱਤ-ਸਵੱਯਾਂ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ । ਪਹਿਲੇ ਵਰਗ ਵਿਚ ਉਹ ਰਚਨਾ ਆ ਜਾਂਦੀ ਹੈ ਜਿਸ ਵਿਚ, ਵਾਰਾਂ ਵਾਂਗ, ਗੁਰਮਤਿ ਦੀ ਵਿਆਖਿਆ ਕੀਤੀ ਗਈ ਹੈ ਅਤੇ ਦੂਜੇ ਵਰਗ ਦੇ ਕਬਿੱਤ-ਸਵੱਯਾਂ ਵਿਚ ਭਾਈ ਗੁਰਦਾਸ ਨੇ ਆਪਣੇ ਨਿੱਜੀ ਅਨੁਭਵ ਦੇ ਆਧਾਰ 'ਤੇ ਗੁਰੂ ਸਾਹਿਬਾਨ ਨਾਲ ਆਪਣੇ ਰਾਗਾਤਮਕ ਸੰਬੰਧਾਂ ਦਾ ਨਿਰੂਪਣ ਕੀਤਾ ਹੈ । ਇਹ ਵਰਗੀਕਰਣ ਉਨ੍ਹਾਂ ਦੀ ਰਚਨਾ ਵਿਚਕਾਰ ਕੋਈ ਸਥਾਈ ਅੰਤਰ-ਰੇਖਾ ਨਹੀਂ ਕਿਉਂਕਿ ਪਹਿਲੇ ਵਰਗ ਦੇ ਕਬਿੱਤ-ਸਵੱਯਾਂ ਵਿਚ ਗੁਰਮਤਿ ਦੀ ਵਿਆਖਿਆ ਵਿਚ ਭਾਈ ਸਾਹਿਬ ਦਾ ਆਪਣਾ ਨਿੱਜੀ ਅਨੁਭਵ ਵੀ ਹੋ ਸਕਦਾ ਹੈ ਪਰ ਉਸ ਮਾਤਰਾ ਵਿਚ ਨਹੀਂ ਜਿੰਨਾ ਦੂਜੇ ਵਰਗ ਦੀ ਰਚਨਾ ਵਿਚ ਹੈ । ਪਹਿਲੇ ਵਰਗ ਦੀ ਵੰਨਗੀ ਨਿੰਮਨਾਂਕਤ ਪੰਕਤੀਆਂ ਵਿਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਨ੍ਹਾਂ ਵਿਚ ਸਾਧ ਸੰਗਤ ਨੂੰ ਮਾਨ ਸਰੋਵਰ ਦੇ ਰੂਪ ਵਿਚ ਚਿਤ੍ਰਿਆ ਗਿਆ ਹੈ, ਜਿਵੇਂ :

ਮਾਨਸਰ ਹੰਸ ਸਾਧ ਸੰਗਤਿ ਪਰਮ ਹੰਸ,
ਪਰਮਧੁਜਾ ਸੁ ਧਰਮਸਾਲ ਚਲਿ ਆਵਈ ।
ਉਤ ਮੁਕਤਾਹਲ ਅਹਾਰ ਦੁਤੀਆ ਨਾਸਤ,
ਇਤ ਗੁਰ ਸ਼ਬਦ ਸੁਰਤਿ ਲਿਵ ਲਾਵਈ ।
ਉਤ ਖੀਰ ਨੀਰ ਨਿਰਵਾਰੋ ਕੋ ਥਖਾਨੀਅਤ,
ਇਹ ਗੁਰਮਤਿ ਦੁਰਮਤਿ ਸਮਝਾਵਹੀ ।
ਉਹ ਬਗ ਹੰਸ ਬੰਸ ਦੁਬਿਧਾ ਨ ਮੇਟ ਸਕੈ,
ਇਕ ਕਾਗ ਪਾਗ ਸਮ ਰੂਪ ਕੈ ਮਿਲਾਵਹੀ ।[14]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੇ ਵਰਗ ਦੇ ਕਬਿੱਤ-ਸਵੱਯਾਂ ਵਿਚ ਭਾਈ ਗੁਰਦਾਸ ਦੇ ਨਿੱਜੀ ਰਾਗਾਤਮਕ ਅਨੁਭਵ ਦੀ ਅਭਿਵਿਅਕਤੀ ਦੁਆਰਾ ਸ਼ਿੰਗਾਰ ਰਸ ਦੀ ਉਤਪਤੀ ਹੁੰਦੀ ਹੈ ਜਿਸ ਵਿਚ ਸ਼ਿੰਗਾਰ ਦੇ ਦੋਵੇਂ ਪੱਖ, ਸੰਯੋਗ ਤੇ ਵਿਯੋਗ, ਵਿਦਮਾਨ ਹਨ। ਉਦਾਹਰਣ ਹਿਤ ਭਾਈ ਸਾਹਿਬ ਦਾ ਇਕ ਅਜਿਹਾ ਕਬਿੱਤ ਪੇਸ਼ ਹੈ ਜਿਸ ਵਿਚ ਸੰਯੋਗ ਤੇ ਵਿਯੋਗ ਦੋਵੇਂ ਸ਼ਾਮਲ ਹਨ, ਜਿਵੇਂ :

ਸੁਪਨ ਚਰਿਤ੍ਰ ਚਿਤ੍ਰ ਬਾਨਕ ਬਚਿਤ੍ਰ ਬਨੇਂ,
ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈਂ।
ਪਰਮ ਦਯਾਲ ਲਾਲ ਲੋਚਨ ਬਿਸਾਲ ਮੁਖ,
ਬਚਨ ਰਸਾਲ ਮਧ ਮਧੁਰ ਪੀ ਆਏ ਹੈਂ।
ਸ਼ੋਭਤ ਸੰਜਾਸਨ ਬਿਲਾਸਨ ਦੇ ਅੰਕੇ ਮਾਲ,
ਪ੍ਰੇਮ ਰਸ ਬਿਸਮ ਲੈ ਸਹਿਜ ਸਮਾਏ ਹੈਂ।
ਚਾਤ੍ਰਿਕ ਸ਼ਬਦ ਸੁਣ ਅਖੀਆਂ ਉਘਰ ਗਈ,
ਭਲੀ ਜਲ ਮੀਨ ਰਾਤਿ ਬਿਰਹ ਜਗਾਏ ਹੈਂ।[15]

ਭਾਵੇਂ ਭਾਈ ਗੁਰਦਾਸ ਦੇ ਕਬਿੱਤ-ਸਵੱਯਾਂ ਦਾ ਸਾਹਿਤੱਕ ਅਤੇ ਅਧਿਆਤਮਕ ਪੱਧਰ ਬਹੁਤ ਉੱਚਾ ਹੈ ਪਰ ਇਹ ਵਾਰਾਂ ਜਿੰਨੇ ਲੋਕ-ਪ੍ਰਿਯ ਨਹੀਂ ਹੋ ਸਕੇ। ਇਸ ਦੇ ਦੋ ਪ੍ਰਮੁਖ ਕਾਰਣ ਹਨ। ਪਹਿਲਾ ਕਾਰਣ ਗੁਰਸਿੱਖੀ ਦਾ ਖੇਤ੍ਰ ਵਧੇਰੇ ਪੰਜਾਬ ਤੱਕ ਸੀਮਤ ਰਹਿਣਾ ਹੈ ਤੇ ਦੂਜਾ ਬ੍ਰਜ ਭਾਸ਼ਾ ਤੋਂ ਜਾਣੂ ਪਾਠਕਾਂ ਦੀ ਅਣਹੋਂਦ ਹੈ। ਫਿਰ ਵੀ ਇਹ ਰਚਨਾ ਦਾ ਸਿੱਖ ਵਿਦਵਾਨਾਂ, ਖੋਜੀਆਂ ਤੇ ਸਾਹਿੱਤ ਰਸੀਆਂ ਲਈ ਵਿਸ਼ੇਸ਼ ਮਹੱਤਵ ਹੈ।

(ੲ) ਵਾਰਾਂ :

ਭਾਈ ਗੁਰਦਾਸ ਦੀ ਪ੍ਰਸਿੱਧ ਤੇ ਲੋਕ-ਪ੍ਰਿਯ ਕ੍ਰਿਤ ਉਨ੍ਹਾਂ ਦੀਆਂ ਪੰਜਾਬੀ ਵਿਚ ਲਿਖੀਆਂ ਗਈਆਂ ਵਾਰਾਂ ਹਨ। ਵਾਰਾਂ ਦੀ ਗਿਣਤੀ ਸੰਬੰਧੀ ਵਿਦਵਾਨਾਂ ਵਿਚ ਮੱਤਭੇਦ ਹੈ। ਪੁਰਾਤਨ ਨੁਸਖਿਆਂ ਵਿਚ ਭਾਈ ਸਾਹਿਬ ਦੀਆਂ 39 ਜਾਂ 40 ਵਾਰਾਂ ਮਿਲਦੀਆਂ ਹਨ ਪਰ ਕੁਝ ਸਮੇਂ ਤੋਂ ਇਨ੍ਹਾਂ ਨਾਲ 41ਵੀਂ ਵਾਰ ਵੀ ਮਿਲਦੀ ਹੈ। ਇਸ ਤਰ੍ਹਾਂ ਭਾਈ ਗੁਰਦਾਸ ਦੀਆਂ 39 ਵਾਰਾਂ ਦੇ ਕ੍ਰਿਤਿਤਵ ਸੰਬੰਧੀ ਕੋਈ ਸੰਦੇਹ ਨਹੀਂ, ਇਥੇ ਅਸੀਂ 40ਵੀਂ ਅਤੇ 41ਵੀਂ ਵਾਰ ਦੇ ਕ੍ਰਿਤਿਤਵ ਬਾਰੇ ਹੀ ਨਿਰਣਾ ਕਰਨਾ ਹੈ।

ਚਾਲ੍ਹੀਵੀਂ ਵਾਰ : ਗਿਆਨੀ ਅਮਰ ਸਿੰਘ ਚਾਕਰ ਅਨੁਸਾਰ, ''ਕੁਝ ਕੁ ਪ੍ਰਾਚੀਨ ਹੱਥ ਲਿਖਤ 'ਵਾਰਾਂ ਭਾਈ ਗੁਰਦਾਸ ਜੀ' ਗ੍ਰੰਥ ਨੂੰ ਵੇਖਣ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਵਿਚ ਪਹਿਲਾਂ 39 ਵਾਰਾਂ ਹੀ ਲਿਖੀਆਂ ਸਨ, ਇਨ੍ਹਾਂ ਵਿਚ ਚਾਲ੍ਹੀਵੀਂ ਵਾਰ ਨਹੀਂ ਲਿਖੀ ਹੋਈ, ਉਕਤ 41 ਵੀਂ ਵਾਰ ਬਾਅਦ ਵਿਚ ਲਿਖ ਕੇ ਕਿਸੇ ਨੇ ਨਾਲ ਲਗਾਈ ਹੈ। ਇਕ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਚੀਨ ਜਿਲਦ ਵਿਚ ਇਹ ਦੋਵੇਂ ਵਾਰਾਂ ਲਿਖ ਕੇ ਨਾਲ ਜੋੜੀਆਂ ਗਈਆਂ ਹਨ। ਰਚਨਾ ਤੇ ਬੋਲੀ ਦੀ ਵਿਚਾਰ ਤੋਂ 40ਵੀਂ ਵਾਰ ਦਾ ਪਹਿਲੀਆਂ 39 ਵਾਰਾਂ ਨਾਲੋਂ ਕੋਈ ਖ਼ਾਸ ਫ਼ਰਕ ਮਲੂਮ ਨਹੀਂ ਹੁੰਦਾ"।[16] ਭਾਈ ਕਾਨ੍ਹ ਸਿੰਘ ਦੇ ਕਥਨ ਅਨੁਸਾਰ, "ਬਹੁਤਿਆਂ ਦਾ ਖ਼ਿਆਲ ਹੈ ਕਿ 40ਵੀਂ ਵਾਰ ਕਿਸੇ ਹੋਰ ਕਵੀ ਦੀ ਹੈ ਅਥਵਾ ਉਸ ਗੁਰਦਾਸ ਦੀ ਹੈ ਜੋ ਦਸਵੇਂ ਪਾਤਸ਼ਾਹ ਦੇ 52 ਕਵੀਆਂ ਵਿਚੋਂ ਸੀ, ਪਰ ਇਹ ਠੀਕ ਨਹੀਂ। ਕਵੀ ਜਨ ਪਦ ਰਚਨਾ ਤੋਂ ਚੰਗੀ ਤਰ੍ਹਾਂ ਜਾਣ ਸਕਦੇ ਹਨ ਕਿ ਇਹ ਵਾਰ ਭਾਈ ਗੁਰਦਾਸ ਜੀ ਦੀ ਹੀ ਰਚਨਾ ਹੈ"।[17] ਇਸ ਤੱਥ ਦੀ ਪ੍ਰੋੜ੍ਹਤਾ ਗੁਰ ਬਿਲਾਸ ਦੀ ਪੰਕਤੀ —'ਗੁਰੂ ਅਰਜਨ ਮਮ ਆਗਿਆ ਕਰੀ। ਵਾਰ ਚਾਲੀਸ ਰਚੌ ਸੁਖ ਪਰੀ ॥[18]—ਤੋਂ ਵੀ ਹੋ ਜਾਂਦੀ ਹੈ। ਇਸੇ ਪੰਕਤੀ ਦੇ ਆਧਾਰ 'ਤੇ ਹੀ ਪੰਡਿਤ ਨਰੈਣ ਸਿੰਘ[19], ਹਜ਼ਾਰਾ ਸਿੰਘ[20], ਆਦਿ ਨੇ ਵੀ ਚਾਲ੍ਹੀਵੀਂ ਵਾਰ ਨੂੰ ਭਾਈ ਗੁਰਦਾਸ ਦੀ ਕ੍ਰਿਤ ਮੰਨਿਆ ਹੈ। ਇਸ ਤੋਂ ਇਲਾਵਾ ਇਸ ਵਾਰ ਦੀ ਭਾਸ਼ਾ, ਵਿਚਾਰ, ਦ੍ਰਿਸ਼ਟਾਂਤ ਤੇ ਛੰਦ-ਪ੍ਰਬੰਧ ਤੋਂ ਵੀ ਇਹ ਕ੍ਰਿਤ ਬਾਕੀ ਵਾਰਾਂ ਨਾਲੋਂ ਕੋਈ ਭਿੰਨ ਨਹੀਂ। ਨਿਰਸੰਦੇਹ. ਇਹ ਚਾਲ੍ਹੀਵੀਂ ਵਾਰ ਭਾਈ ਗੁਰਦਾਸ ਦੀ ਰਚਨਾ ਹੀ ਮੰਨੀ ਜਾ ਸਕਦੀ ਹੈ।

ਇਕਤਾਲਵੀਂ ਵਾਰ : ਭਾਈ ਗੁਰਦਾਸ ਦੀਆਂ ਵਾਰਾਂ ਦੇ ਕੁਝ ਸੰਕਲਨਾਂ ਵਿਚ 41ਵੀਂ ਵਾਰ ਵੀ ਜੋੜ ਦਿੱਤੀ ਗਈ ਹੈ, ਉਦੇਸ਼ ਭਾਵੇਂ ਇਸ ਵਾਰ ਨੂੰ ਸੰਭਾਲਣ ਦਾ ਹੀ ਹੈ। ਇਸ ਵਾਰ ਦੇ ਕ੍ਰਿਤਿਤਵ ਸੰਬੰਧੀ ਅਮਰ ਸਿੰਘ ਚਾਕਰ[21] ਅਤੇ ਹਜ਼ਾਰਾ ਸਿੰਘ[22] ਨੇ ਵਿਸਤਾਰ ਸਹਿਤ ਵਿਵੇਚਣ ਕੀਤਾ ਹੈ, ਜਿਸ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਵਾਰ ਭਾਈ ਗੁਰਦਾਸ ਭੱਲਾ ਦੀ ਨਹੀਂ ਸਗੋਂ ਕਿਸੇ ਹੋਰ ਗੁਰਦਾਸ ਸਿੰਘ ਨਾਮੀ ਗੁਰਸਿੱਖ ਦੀ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਬਾਅਦ ਹੋਇਆ ਹੈ। ਪੰਡਿਤ ਨਰੈਣ ਸਿੰਘ ਦੇ ਨਿਰਣੇ ਅਨੁਸਾਰ ਵੀ ਇਹ ਵਾਰ ਇਕ ਹੋਰ ਭਾਈ ਗੁਰਦਾਸ ਦੀ ਹੈ ਜੋ ਨਾ ਗੁਰੂ ਗੋਬਿੰਦ ਸਿੰਘ ਦੇ 52 ਕਵੀਆਂ ਵਿਚੋਂ ਸੀ ਤੇ ਨਾ ਹੀ ਬਹਲੋ ਦੀ ਵੰਸ ਦੇ ਮਸੰਦ ਸਨ। ਇਹ ਵਾਰ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਅਨੁਮਾਨਕ ਸੰਮਤ 1780 ਜਾਂ 85 ਬਿਕ੍ਰਮੀ ਦੇ ਵਿਚਾਲੇ ਬਣੀ ਹੈ।[23] ਇਹ ਗੱਲ ਤਾਂ ਸਪਸ਼ਟ ਹੈ ਕਿ ਭਾਈ ਗੁਰਦਾਸ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੀ ਚਲਾਣਾ ਕਰ ਗਏ ਸਨ ਪਰ ਇਸ ਵਾਰ ਵਿਚ ਤਾਂ ਗੁਰੂ ਗੋਬਿੰਦ ਸਿੰਘ ਦੀ ਮਹਿਮਾਂ ਅਤੇ 'ਪੀਊ ਪਾਹੁਲ ਖੰਡੇ ਧਾਰ' ਵਰਗੀਆਂ ਪੰਕਤੀਆਂ ਤੋਂ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਇਹ ਰਚਨਾ ਭਾਈ ਗੁਰਦਾਸ ਦੀ ਨਹੀਂ ਹੋ ਸਕਦੀ। ਵਾਰ ਦੀ ਭਾਸ਼ਾ, ਵਿਚਾਰ, ਸ਼ੈਲੀ ਤੇ ਛੰਦ-ਪ੍ਰਬੰਧ ਵੀ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਮੇਲ ਨਹੀਂ ਖਾਂਦੇ। ਇਸ ਵਿਵੇਚਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ 40 ਵਾਰਾਂ ਭਾਈ ਗੁਰਦਾਸ ਦੀਆਂ ਰਚੀਆਂ ਹੋਈਆਂ ਹਨ ਪਰ ਇਕਤਾਲਵੀਂ ਵਾਰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਹੋਏ ਉਨ੍ਹਾਂ ਦੇ ਕਿਸੇ ਸ਼ਰਧਾਲੂ ਸਿੱਖ ਗੁਰਦਾਸ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਕ੍ਰਿਤ ਹੈ ।

ਵਾਰਾਂ ਦੀ ਰਚਨਾ ਦਾ ਸਮਾਂ : ਭਾਈ ਗੁਰਦਾਸ ਦੀਆਂ ਵਾਰਾਂ ਦੀ ਰਚਨਾ ਦੇ ਸਮੇਂ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਕੁਝ ਇਤਿਹਾਸਕ ਪ੍ਰਸੰਗਾਂ ਵਿਚ ਇਨ੍ਹਾਂ ਦਾ ਵਿਵੇਚਣ ਕਰ ਕੇ ਕੇਵਲ ਅਨੁਮਾਨ ਹੀ ਲਾਇਆ ਜਾ ਸਕਦਾ ਹੈ ।

ਇਥੇ ਸਭ ਤੋਂ ਪਹਿਲਾਂ ਅਸੀਂ ਭਾਈ ਗੁਰਦਾਸ ਜੀ ਦੀਆਂ ਰਚੀਆਂ ਗਈਆਂ ਵਾਰਾਂ ਵਿਚੋਂ ਪਹਿਲੀ ਵਾਰ ਸੰਬੰਧੀ ਵਿਚਾਰ ਕਰਦੇ ਹਾਂ । ਭਾਈ ਮਨੀ ਸਿੰਘ ਦੀ ਲਿਖੀ ਜਨਮਸਾਖੀ ਦੀ ਪ੍ਰਸਤਾਵਨਾ ਅਨੁਸਾਰ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਆਦਿ ਗ੍ਰੰਥ ਦੇ ਸੰਪਾਦਨ (1604 ਈ.) ਮਗਰੋਂ ਜਨਮਸਾਖੀ ਜਾਂ ਗੋਸ਼ਟਾਂ ਦੀ ਠੀਕ ਮਰਯਾਦਾ ਕਾਇਮ ਕਰਨ ਲਈ ਲਿਖੀ ਹੈ । ਭਾਈ ਮਨੀ ਸਿੰਘ ਅਨੁਸਾਰ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਪਾਸ ਸਿੱਖਾਂ ਅਰਦਾਸ ਕੀਤੀ ਜੋ ਗੋਸ਼ਟਾਂ ਦੀ ਮ੍ਰਿਜਾਦਾ ਕੋਈ ਨਹੀਂ ਮਤਿ ਪੰਜਾਂ ਮੇਲਾਂ ਵਾਲੇ ਜਨਮਸਾਖੀ ਵਿਚ ਅਜੁਗਤਾਂ ਪਾਇਕੇ ਸਿੱਖਾਂ ਨੂੰ ਭਰਮਾਇ ਦੇਂਦੇ ਹੋਵਨ ਤਾਂ ਭਾਈ ਗੁਰਦਾਸ ਨੂੰ ਬਚਨ ਹੋਇਆ ਕਿ ਤੁਸਾਂ ਜਨਮਸਾਖੀ ਦੀ ਇਕ ਵਾਰ ਕਰਨੀ ਜੋ ਗੁਰੂ ਦੇ ਸਿੱਖ ਉਸ ਵਾਰ ਦੇ ਅਨੁਸਾਰੀ ਸਾਖੀ ਨੂੰ ਸੁਣਨ ਪੜ੍ਹਨਗੇ । ਤਾਂ ਹੀ ਤੇ ਭਾਈ ਗੁਰਦਾਸ ਜੀ ਦੀ ਜੋ ਵਾਰ ਹੈ 'ਗਿਆਨ ਰਤਨਾਵਲੀ' ਸੋਈ ਜਨਮਸਾਖੀ ਹੈ'' ।[24] ਡਾ. ਸੀਤਾ ਰਾਮ ਬਾਹਰੀ ਅਨੁਸਾਰ ਪਹਿਲੀ ਵਾਰ ਦੀਆਂ ਦੋ ਪਉੜੀਆਂ (20 ਤੇ 21) ਹਿੰਦੂ ਮੁਸਲਮਾਨਾਂ ਦੇ ਸਮਾਜਿਕ ਤੇ ਧਾਰਮਿਕ ਜੀਵਨ ਦਾ ਚਿਤ੍ਰ ਪੇਸ਼ ਕਰਦੀਆਂ ਹਨ ਜਿਸ ਦੇ ਆਧਾਰ 'ਤੇ ਉਸ ਨੇ ਇਸ ਵਾਰ ਨੂੰ ਅਕਬਰ ਤੋਂ ਪਿੱਛੋਂ ਅਰਥਾਤ 1605 ਈ. ਤੋਂ ਮਗਰੋਂ ਦੀ ਰਚਨਾ ਮੰਨਿਆ ਹੈ ।[25] ਪਹਿਲੀ ਵਾਰ ਦੀ 48ਵੀਂ ਪਉੜੀ ਵਿਚ ਗੁਰੂ ਹਰਿਗੋਬਿੰਦ ਨੂੰ 'ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ' ਕਹਿਣਾ ਉਨ੍ਹਾਂ ਦੀ ਮੁਗ਼ਲ ਸਰਕਾਰ ਨਾਲ ਹੋਈ ਪਹਿਲੀ ਲੜਾਈ (1628 ਈ.) ਵੱਲ ਸੰਕੇਤ ਹੈ । ਇਸ ਤਰ੍ਹਾਂ ਪਹਿਲੀ ਵਾਰ ਦੀ ਇਹ ਪਉੜੀ ਅਵੱਸ਼ ਹੀ 1628 ਈ. ਦੇ ਨੇੜ ਤੇੜ ਦੀ ਰਚਨਾ ਹੈ । ਸਮੁੱਚੇ ਤੌਰ 'ਤੇ ਪਹਿਲੀ ਵਾਰ ਦੀ ਸਿਰਜਨਾ 1604 ਤੋਂ 1628 ਈ. ਦੇ ਦਰਮਿਆਨ ਹੋਈ ਮੰਨੀ ਜਾ ਸਕਦੀ ਹੈ ।

ਭਾਈ ਗੁਰਦਾਸ ਜੀ ਰਚਿਤ ਹੋਰਨਾਂ ਵਾਰਾਂ ਵਿਚੋਂ ਵਾਰ 3, 13, 24, 26, 29, 38 ਅਤੇ 39 ਵਿਚ ਵੀ ਗੁਰੂ ਹਰਿਗੋਬਿੰਦ ਜੀ ਦਾ ਜ਼ਿਕਰ ਮਿਲਦਾ ਹੈ, ਇਸ ਲਈ ਇਹ ਵਾਰਾਂ ਵੀ ਪੂਰੀਆਂ ਜਾਂ ਆਂਸ਼ਕ ਰੂਪ ਵਿਚ ਇਸੇ ਸਮੇਂ ਲਿਖੀਆਂ ਪ੍ਰਤੀਤ ਹੁੰਦੀਆਂ ਹਨ । ਗਿਆਰ੍ਹਵੀਂ ਵਾਰ ਵਿਚ ਗੁਰੂ ਹਰਿਗੋਬਿੰਦ ਜੀ ਦੇ ਸਿੱਖਾਂ ਦੀ ਸੂਚੀ ਦਿੱਤੀ ਗਈ ਹੈ, ਇਸ ਲਈ ਇਹ ਵਾਰ ਵੀ ਇਸੇ ਸਮੇਂ ਲਿਖੀ ਜਾਂ ਸੰਪੂਰਨ ਹੋਣ ਦੀ ਸੰਭਾਵਨਾ ਹੈ । ਛੱਤੀਵੀਂ ਵਾਰ ਵਿਚ ਭਾਈ ਗੁਰਦਾਸ ਨੇ ਮੀਣਿਆਂ ਦੇ ਕਿਰਦਾਰ ਨੂੰ ਨੰਗਾ ਕੀਤਾ ਹੈ, ਇਸ ਲਈ ਇਸ ਵਾਰ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਸੰਭਵ ਹੈ । ਪੈਂਤੀਵੀਂ ਵਾਰ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਝ ਪਉੜੀਆਂ ਦਾ ਸੰਬੰਧ 'ਹਉਮੈ ਨਿਵ੍ਰਿਤੀ' ਦੀ ਘਟਨਾ ਨਾਲ ਜੋੜਿਆ ਜਾਂਦਾ ਹੈ, ਇਸ ਲਈ ਇਹ ਵਾਰ ਵੀ ਪੂਰੀ ਜਾਂ ਅੰਸ਼ਕ ਰੂਪ ਵਿਚ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦੀ ਰਚਨਾ ਹੈ । ਡਾ. ਸੀਤਾ ਰਾਮ ਬਾਹਰੀ ਨੇ 'ਗੁਰਬਿਲਾਸ ਪਾਤਿਸ਼ਾਹੀ 6' ਦੇ ਆਧਾਰ ਤੇ 35ਵੀਂ ਵਾਰ ਨੂੰ 1686 ਬਿਕ੍ਰਮੀ (1629 ਈਸਵੀ) ਦੀ ਕ੍ਰਿਤ ਮੰਨਿਆ ਹੈ ।[26] ਗਿਆਨੀ ਨਰਿੰਜਨ ਸਿੰਘ ਨੇ ਚੌਥੀ ਵਾਰ ਦੀ ਰਚਨਾ ਦਾ ਸਮਾਂ 1638 ਬਿਕ੍ਰਮੀ ਦੇ ਨਜ਼ਦੀਕ ਮਿਥਿਆ ਹੈ ।[27] ਇਸ ਤਰ੍ਹਾਂ ਭਾਈ ਗੁਰਦਾਸ ਦੀਆਂ ਅਧਿਕਤਰ ਵਾਰਾਂ ਦਾ ਰਚਨਾ-ਕਾਲ 1604 ਈ. ਅਰਥਾਤ ਆਦਿ ਗ੍ਰੰਥ ਦੀ ਸੰਪਾਦਨਾ ਤੋਂ ਮਗਰੋਂ ਦਾ ਬਣਦਾ ਹੈ ਪਰ ਆਦਿ ਗ੍ਰੰਥ ਦੇ ਸੰਕਲਨ ਸਮੇਂ ਵੀ ਭਾਈ ਗੁਰਦਾਸ ਦੀਆਂ ਵਾਰਾਂ ਮੌਜੂਦ ਹੋਣ ਦਾ ਵਿਵਰਣ ਮਿਲਦਾ ਹੈ ਅਤੇ ਇਨ੍ਹਾਂ ਨੂੰ ਆਦਿ ਗ੍ਰੰਥ ਵਿਚ ਸ਼ਾਮਲ ਕਰਨ ਦੀ ਥਾਂ 'ਗੁਰਬਾਣੀ ਦੀ ਕੁੰਜੀ' ਕਹਿ ਕੇ ਨਿਵਾਜਿਆ ਗਿਆ ਹੈ । ਇਸ ਤੋਂ ਸਪਸ਼ਟ ਹੈ ਕਿ ਭਾਈ ਸਾਹਿਬ ਨੇ 1604 ਈਸਵੀ ਤੋਂ ਪਹਿਲਾਂ ਵੀ ਕੁਝ ਵਾਰਾਂ ਦੀ ਰਚਨਾ ਕੀਤੀ ਹੋਵੇਗੀ ਪਰ ਅਧਿਕਤਰ ਵਾਰਾਂ ਦੀ ਸਿਰਜਨਾ 1604 ਤੋਂ 1628 ਈਸਵੀ ਦੇ ਦਰਮਿਆਨ ਹੀ ਮੰਨੀ ਜਾ ਸਕਦੀ ਹੈ । ਇਸ ਤਰ੍ਹਾਂ ਇਹ ਵਾਰਾਂ ਵੱਖ ਵੱਖ ਸਮੇਂ, ਸਥਾਨਾਂ ਤੇ ਪਰਿਸਥਿਤੀਆਂ ਵਿਚ ਲਿਖੀਆਂ ਗਈਆਂ ਹਨ ।

ਹਵਾਲੇ ਅਤੇ ਟਿੱਪਣੀਆਂ

1. 'ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 149.
2. 'ਗੁਰ ਪ੍ਰਤਾਪ ਸੂਰਜ', ਰਾਸ, 7, ਅੰਸੂ 4, ਅੰਕ 51.
3. ਭਾਈ ਵੀਰ ਸਿੰਘ, 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 68. (ਪਗ-ਟਿੱਪਣੀ) ।
4. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 5.
5. 'ਗੁਰ ਪ੍ਰਤਾਪ ਸੂਰਜ', ਰਾਸ 7, ਅੰਸੂ 4.
6. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 9-13.
7. 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਨਾ 35.
8. 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 152.
9. 'ਗੁਰਮਤ ਸੁਧਾਕਰ', ਪੰਨਾ 180. (ਪਗ ਟਿੱਪਣੀ) ।
10. 'ਵਾਰਾਂ ਭਾਈ ਗੁਰਦਾਸ ਸਟੀਕ', ਪੰਨਾ 4.
11. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 13.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

12. 'ਗੁਰ ਪ੍ਰਤਾਪ ਸੂਰਜ', ਰਾਸ 3, ਅੰਸੂ 32.
13. 'ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 153.
14. 'ਕਬਿੱਤ ਭਾਈ ਗੁਰਦਾਸ', 340ਵਾਂ ਕਬਿੱਤ ।
15. ਉਹੀ, 205ਵਾਂ ਕਬਿੱਤ ।
16. 'ਵਾਰਾਂ ਭਾਈ ਗੁਰਦਾਸ ਜੀ', ਸ਼੍ਰੋਮਣੀ ਦੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ 'ਅ' ।
17. 'ਗੁਰਮਤ ਸੁਧਾਕਰ', ਪੰਨਾ 178.
18. 'ਗੁਰਬਿਲਾਸ ਪਾਤਿਸ਼ਾਹੀ 6' ਪੰਨਾ 385.
19. 'ਵਾਰਾਂ ਭਾਈ ਗੁਰਦਾਸ ਜੀ', 'ਸਟੀਕ', ਪੰਨਾ 697.
20. 'ਵਾਰਾਂ ਭਾਈ ਗੁਰਦਾਸ ਜੀ', 'ਸਟੀਕ', (ਸੰ. ਭਾਈ ਵੀਰ ਸਿੰਘ), ਪੰਨਾ 661. (ਪਗ-ਟਿੱਪਣੀ) ।
21. 'ਵਾਰਾਂ ਭਾਈ ਗੁਰਦਾਸ ਜੀ', ਸ਼੍ਰੋਮਣੀ ਦੁਰਦੁਆਰਾ ਪ੍ਰਬੰਧਕ ਕਮੇਟੀ, ਪੰਨੇ 'ਅ, ੲ' ।
22. 'ਵਾਰਾਂ ਭਾਈ ਗੁਰਦਾਸ ਜੀ', 'ਸਟੀਕ', (ਸੰ. ਭਾਈ ਵੀਰ ਸਿੰਘ), ਪੰਨਾ 662-63.
23. 'ਵਾਰਾਂ ਭਾਈ ਗੁਰਦਾਸ ਜੀ', 'ਸਟੀਕ', ਪੰਨਾ 714. (ਪਗ-ਟਿੱਪਣੀ) ।
24. 'ਜਨਮਸਾਖੀ', ਪੰਨਾ 1.
25. 'ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ,' 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 153.
26. ਉਹੀ ।
27. 'ਵਾਰਾਂ ਭਾਈ ਗੁਰਦਾਸ ਜੀ', 'ਟੀਕਾ', ਪੰਨਾ 10.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੰਤਨ

ਗੁਰਮਤਿ ਦੇ ਮਹਾਨ ਵਿਆਖਿਆਕਾਰ ਹੋਣ ਦੇ ਨਾਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਪ੍ਰਮੁੱਖ ਵਿਸ਼ਾ ਗੁਰਬਾਣੀ ਦੀ ਵਿਆਖਿਆ ਹੈ ਪਰ ਇਸ ਦੇ ਨਾਲ ਹੀ ਗੁਰ-ਇਤਿਹਾਸ, ਰਾਜਸੀ ਭਾਵਨਾ ਤੇ ਸਮਾਜਿਕ ਵਿਵੇਚਣ ਵੀ ਉਨ੍ਹਾਂ ਦੀ ਕਾਵਿ-ਰਚਨਾ ਵਿਚ ਵਿਦਮਾਨ ਹੈ।

(ੳ) ਗੁਰਮਤਿ ਦਾ ਅਨੁਭਵ ਤੇ ਵਿਆਖਿਆ :

ਭਾਈ ਗੁਰਦਾਸ ਨੇ ਗੁਰਮਤਿ ਅਤੇ ਗੁਰ-ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਗੁਰੂ ਸਾਹਿਬਾਨ ਦੇ ਸਮਕਾਲੀ ਤੇ ਨਿਕਟਵਰਤੀ ਹੋਣ ਕਰਕੇ ਉਨ੍ਹਾਂ ਨੂੰ ਇਸ ਕਾਰਜ ਵਿਚ ਬੜੀ ਸਹਾਇਤਾ ਮਿਲੀ। ਇਸ ਤਰ੍ਹਾਂ ਭਾਈ ਗੁਰਦਾਸ ਦਾ ਸਮੁੱਚਾ ਚਿੰਤਨ ਵਾਰਾਂ ਵਿਚ ਗੁਰਬਾਣੀ ਦੀ ਵਿਆਖਿਆ ਦੇ ਰੂਪ ਵਿਚ ਵਧੇਰੇ ਨਿਖਰਿਆ ਹੈ। "ਉਹ ਸਿੱਖ ਮੱਤ ਦੇ ਪਹਿਲੇ ਅਤੇ ਪ੍ਰਮਾਣਿਕ ਵਿਆਖਿਆਕਾਰ ਹਨ।"[1]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਗੁਰਦਾਸ ਦੀ ਬਾਨੀ "ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਤਿਉਕਤੀ ਨਹੀਂ ਕਿ ਸਿੱਖੀ ਦਾ ਰਹਿਤ-ਨਾਮਾ ਭਾਈ ਸਾਹਿਬ ਦੀ ਬਾਨੀ ਤੋਂ ਵਧ ਕੇ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਨੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ"।[2] ਭਾਈ ਵੀਰ ਸਿੰਘ ਦਾ ਕਥਨ ਹੈ ਕਿ "ਆਪ ਦੀ ਗੁਰਸਿੱਖੀ ਪੂਰਨ ਤੌਰ 'ਤੇ ਪਰਵਾਣ ਗੁਰਸਿੱਖੀ ਸੀ। ਇਸ ਵਾਸਤੇ ਗੁਰੂ ਸਾਹਿਬਾਂ ਦੇ ਵਕਤ ਤੋਂ ਆਪ ਦੀ ਬਾਣੀ ਨੂੰ ਹੀ ਪ੍ਰਮਾਣੀਕ ਬਾਣੀ ਦਾ ਦਰਜਾ ਮਿਲਿਆ ਹੋਇਆ ਹੈ, ਗੁਰਬਾਣੀ ਦੇ ਸਮਝਣ ਵਿਚ ਆਪ ਦੀ ਬਾਣੀ ਬਹੁਤ ਸਹਾਈ ਹੁੰਦੀ ਹੈ, ਇਸ ਕਰਕੇ ਪੰਜਵੇਂ ਸਤਿਗੁਰਾਂ ਦੇ ਵਰਦਾਨ ਤੋਂ ਹੁਣ ਤਕ ਆਪ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਆਖਦੇ ਹਨ"।[3] ਕਰਤਾਰ ਸਿੰਘ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਵੇਚਣ ਅਨੁਸਾਰ, "ਆਪ ਨੇ ਆਪਣੀ ਰਚਨਾ ਵਿਚ ਗੁਰਬਾਣੀ ਦੀ ਅਜਿਹੀ ਸੁੰਦਰ ਵਿਆਖਿਆ ਕੀਤੀ ਹੈ ਕਿ ਇਸ ਨੂੰ ਪੜ੍ਹਨ ਨਾਲ ਗੁਰਮਤਿ ਤੇ ਗੁਰਬਾਣੀ ਦੇ ਕਈ ਗੁਝੇ ਭਾਵ ਆਪਣੇ ਆਪ ਹੀ ਪਾਠਕਾਂ ਦੇ ਹਿਰਦੇ ਵਿਚ ਬਹਿ ਜਾਂਦੇ ਹਨ" ।[4] ਵਿਆਖਿਆਕਾਰ ਦੇ ਰੂਪ ਵਿਚ ਭਾਈ ਗੁਰਦਾਸ ਦੀ ਮਹਾਨਤਾ ਨੂੰ ਉਜਾਗਰ ਕਰਦਿਆਂ ਇਕ ਹੋਰ ਵਿਦਵਾਨ ਨੇ ਲਿਖਿਆ ਹੈ ਕਿ, "ਵੇਦ ਨੂੰ ਸਮਝ ਗੋਚਰਾ ਕਰਨ ਲਈ ਰਿਸ਼ੀ ਵੇਦ ਵਿਆਸ ਨੇ ਵਿਸਥਾਰ ਕੀਤਾ । ਅੰਜੀਲ ਦੀ ਵਿਆਖਿਆ ਸੇਂਟ ਪਾਲ ਤੇ ਸੇਂਟ ਪੀਟਰ ਨੇ ਕੀਤੀ ਅਤੇ ਕੁਰਾਨ ਦੀਆਂ ਹਦੀਸਾਂ ਅਬੂ ਹਰੈਰਾ ਨੇ ਤੇ ਹਜ਼ਰਤ ਐਸ਼ਾਂ ਨੇ ਲਿਖੀਆਂ । ਜੋ ਮਾਣ ਤੇ ਸਥਾਨ ਇਨ੍ਹਾਂ ਵਿਅਕਤੀਆਂ ਨੂੰ ਪੁਰਾਣੇ ਸਾਹਿੱਤ ਦੀ ਵਿਆਖਿਆ ਤੋਂ ਪ੍ਰਾਪਤ ਹੋਇਆ ਹੈ ਉਹੋ ਹੀ ਮਾਣ ਤੇ ਸਥਾਨ ਗੁਰਮਤਿ ਸਾਹਿੱਤ ਦੀ ਵਿਆਖਿਆ ਤੋਂ ਪ੍ਰਾਪਤ ਹੋਇਆ ਹੈ ਉਹੋ ਹੀ ਮਾਣ ਤੇ ਸਥਾਨ ਗੁਰਮਤਿ ਸਾਹਿੱਤ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ" ।[5]

ਉਪਰੋਕਤ ਕਥਨ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਭਾਈ ਗੁਰਦਾਸ ਦੀ ਕਾਵਿ-ਰਚਨਾ ਗੁਰਬਾਣੀ ਦੀ ਸੁਚੱਜੀ ਵਿਆਖਿਆ ਹੈ ਪਰ ਇਸ ਤੱਥ ਦੀ ਵਧੇਰੇ ਪੁਸ਼ਟੀ ਲਈ ਡਾ. ਦੀਵਾਨ ਸਿੰਘ ਦਾ ਇਹ ਕਥਨ ਬੜਾ ਸਾਰਥਕ ਹੈ ਕਿ, "ਭਾਈ ਗੁਰਦਾਸ ਜੀ ਦੀ ਗੁਰਮਤਿ ਵਿਆਖਿਆ ਇੰਨੀ ਸੰਪੂਰਨ ਹੈ ਕਿ ਗੁਰਸਿੱਖੀ ਦਾ ਪੂਰਾ ਅਨੁਭਵ, ਪੂਰਾ ਆਦਰਸ਼, ਪੂਰਾ ਦਰਸ਼ਨ ਇਸ ਵਿਚ ਉਪਸਥਿਤ ਹੈ । ਹਰ ਇੱਕ ਵਾਰ ਵਿਚ, ਹਰ ਇਕ ਪਉੜੀ ਵਿਚ, ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਦੇ ਖ਼ਜ਼ਾਨੇ ਭਰਪੂਰ ਹਨ । ਇਸ ਮਹਾਨ ਅਧਿਆਤਮਕ ਸਾਗਰ ਵਿਚ ਅਗੰਮੀ ਮੋਤੀਆਂ ਦੀ ਇੰਨੀ ਬਹੁਲਤਾ ਹੈ ਕਿ ਉਨ੍ਹਾਂ ਦੀ ਗਿਣਤੀ ਜਾਂ ਪੂਰਾ ਪੂਰਾ ਉਲੇਖ ਨਹੀਂ ਹੋ ਸਕਦਾ" ।[6]

ਭਾਈ ਗੁਰਦਾਸ ਨੇ ਗੁਰਮਤਿ ਨਾਲ ਸੰਬੰਧਿਤ ਵਿਸ਼ੇ ਲੈ ਕੇ ਉਨ੍ਹਾਂ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ । ਪਰਮਾਤਮਾ ਦਾ ਸਰੂਪ ਤੇ ਸਰਵ-ਵਿਆਪਕਤਾ, ਆਤਮਾ, ਸ੍ਰਿਸ਼ਟੀ ਤੇ ਉਸ ਦੀ ਉਤਪਤੀ, ਮਨੁੱਖੀ ਜਨਮ ਦੀ ਉਤਮਤਾ, ਸਤਿਗੁਰ, ਗੁਰਮੁਖਿ, ਗੁਰਸਿੱਖ ਦੀ ਪ੍ਰੀਤ, ਸਿੱਖੀ ਮਾਰਗ ਦੀ ਵਿਖਮਤਾ, ਸਾਧ-ਸੰਗਤ, ਸੇਵਾ, ਸਿਮਰਨ, ਨਿਮ੍ਰਤਾ, ਗ਼ਰੀਬੀ, ਹਉਮੈ ਦਾ ਖੰਡਨ, ਪਰਉਪਕਾਰ, ਸ਼ਬਦ, ਨਾਮ-ਰਸ, ਕਿਰਤ-ਕਮਾਈ, ਵੰਡ ਛਕਣਾ, ਨਾਮ ਦਾਨ ਇਸ਼ਨਾਨ, ਮੁਕਤੀ, ਸੱਚ ਅਤੇ ਮਨਮੁਖ, ਨਿੰਦਕ, ਅਕ੍ਰਿਤਘਣ, ਨਿਗੁਰਾ, ਕਪਟੀ, ਹੰਕਾਰੀ, ਝੂਠ, ਸੱਚ, ਮਾਇਆ ਆਦਿ ਵਿਸ਼ੇ ਗੁਰਮਤਿ ਨਾਲ ਸੰਬੰਧਿਤ ਹਨ ਅਤੇ ਗੁਰਬਾਣੀ ਵਿਚ ਅੰਕਿਤ ਹਨ । ਭਾਈ ਗੁਰਦਾਸ ਨੇ ਇਨ੍ਹਾਂ ਸੂਖਮ ਭਾਵਾਂ ਤੇ ਵਿਚਾਰਾਂ ਨੂੰ ਸਥੂਲ ਬਿੰਬਾਵਲੀ ਦੁਆਰਾ ਰੂਪਮਾਨ ਕੀਤਾ ਹੈ ।

ਸਾਰਾਂਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ, "ਭਾਈ ਗੁਰਦਾਸ ਜੀ ਨੇ ਆਪਣੀਆਂ ਪੰਜਾਬੀ ਵਾਰਾਂ ਵਿਚ ਸਿੱਖ ਕਵਿਤਾ ਦੀ ਸਿਖਿਆ ਤੇ ਵਿਸ਼ਵਾਸ਼ਾਂ ਨੂੰ ਉਸ ਕਵਿਤਾ ਵਿਚ ਵਰਤੇ ਗਏ ਅਲੰਕਾਰਾਂ ਦੀ ਲੀਹ ਤੇ ਸਰਬ ਸਾਧਾਰਣ ਕਵਿਤਾ ਦੀ ਬੋਲੀ ਵਿਚ ਉਲੀਕਣ ਦਾ ਸਫਲ ਯਤਨ ਕੀਤਾ" ।[7] ਇਕ ਅੰਗਰੇਜ਼ ਵਿਦਵਾਨ ਦੇ ਕਥਨ ਅਨੁਸਾਰ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਾਂ ਸਿੱਖ ਵਿਸ਼ਵਾਸ ਦੀ ਰੂਪ-ਰੇਖਾ ਹਨ ।[3] ਲੇਖਕ ਦਾ ਸਿੱਖ ਵਿਸ਼ਵਾਸ ਤੋਂ ਭਾਵ ਸਿੱਖ ਧਰਮ ਦੇ ਬੁਨਿਆਦੀ ਤੱਤ ਤੋਂ ਹੈ ।

(ਅ) ਵਾਰਾਂ ਦਾ ਇਤਿਹਾਸਕ ਮਹੱਤਵ :

ਭਾਈ ਗੁਰਦਾਸ ਇਕ ਕਵੀ ਹਨ ਅਤੇ ਉਨ੍ਹਾਂ ਦਾ ਮੂਲ ਉਦੇਸ਼ ਕਾਵਿ ਦੇ ਮਾਧਿਅਮ ਦੁਆਰਾ ਗੁਰਮਤਿ ਵਿਚਾਰਧਾਰਾ ਦਾ ਪ੍ਰਕਾਸ਼ਨ ਹੈ, ਇਤਿਹਾਸ ਲਿਖਣਾ ਨਹੀਂ । ਇਤਿਹਾਸ ਲਿਖਣ ਅਤੇ ਕਾਵਿ-ਸਿਰਜਨਾ ਵਿਚ ਬੁਨਿਆਦੀ ਤੌਰ 'ਤੇ ਕਾਫ਼ੀ ਅੰਤਰ ਹੈ । ਇਤਿਹਾਸ ਦਾ ਸ੍ਰੋਤ ਤੱਥ ਹੁੰਦੇ ਹਨ ਪਰ ਕਵਿਤਾ ਇਤਿਹਾਸਕ ਪਰੀਪੇਖ ਵਿਚ ਹੁੰਦਿਆਂ ਵੀ ਕਲਪਨਾਮਈ ਪ੍ਰਕ੍ਰਿਤੀ ਦੀ ਧਾਰਨੀ ਹੁੰਦੀ ਹੈ । ਇਤਿਹਾਸ ਵਿਚ ਸਮੇਂ ਤੇ ਸਥਾਨ ਦਾ ਨਿਸ਼ਚਿਤ ਹੋਣਾ ਆਵੱਸ਼ਕ ਹੈ, ਕਿਸੇ ਘਟਨਾ ਦਾ ਵਰਣਨ ਠੀਕ ਸਮਾਂ ਤੇ ਸਥਾਨ ਦੱਸ ਕੇ ਹੀ ਕੀਤਾ ਜਾਂਦਾ ਹੈ ਪਰ ਕਵਿਤਾ, ਭਾਵੇਂ ਉਸ ਦੀ ਪ੍ਰਕ੍ਰਿਤੀ ਇਤਿਹਾਸਕ ਹੋਵੇ, ਅਜਿਹੇ ਬੰਧਨ ਤੋਂ ਮੁਕਤ ਹੋ ਸਕਦੀ ਹੈ । ਭਾਈ ਗੁਰਦਾਸ ਦੀ ਕਾਵਿ-ਰਚਨਾ ਅਜਿਹੀ ਇਕ ਉਦਾਹਰਣ ਹੈ ।

ਭਾਵੇਂ ਭਾਈ ਗੁਰਦਾਸ ਦੀ ਕਾਵਿ-ਰਚਨਾ ਇਤਿਹਾਸ ਦੇ ਨੇਮਾਂ ਦਾ ਪਾਲਣ ਨਹੀਂ ਕਰਦੀ ਪਰ ਫਿਰ ਵੀ ਉਨ੍ਹਾਂ ਦੀਆਂ ਵਾਰਾਂ, ਵਿਸ਼ੇਸ਼ ਤੌਰ 'ਤੇ ਪਹਿਲੀ ਵਾਰ, ਦਾ ਸਾਹਿੱਤ ਤੇ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਜੀ ਤੱਕ ਛੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਬਹੁਤ ਉਪਯੋਗੀ ਸਿੱਧ ਹੁੰਦੀਆਂ ਹਨ । ਇਤਿਹਾਸ ਦੇ ਸੰਦਰਭ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ । "ਇਹ ਵਾਰਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਲੋਕ ਗਮਨ ਹੋਣ ਤੋਂ ਪੰਜਾਹ ਤੋਂ ਸੱਤਰ ਸਾਲਾਂ ਦੇ ਦਰਮਿਆਨ ਉਨ੍ਹਾਂ ਲੋਕਾਂ ਦੇ ਜੀਵਨ-ਕਾਲ ਵਿਚ ਰਚੀਆਂ ਗਈਆਂ ਜੋ ਗੁਰੂ ਸਾਹਿਬ ਨੂੰ ਜਾਣਦੇ ਸਨ, ਵਿਸ਼ੇਸ਼ ਤੌਰ 'ਤੇ ਬਾਬਾ ਬੁੱਢਾ ਜੀ, ਜਿਸ ਨੂੰ ਭਾਈ ਗੁਰਦਾਸ ਚੰਗੀ ਤਰ੍ਹਾਂ ਜਾਣਦੇ ਸਨ । ਦੁਰਭਾਗਵਸ, ਭਾਈ ਗੁਰਦਾਸ ਨੇ ਗੁਰੂ ਨਾਨਕ ਦੀ ਜੀਵਨੀ ਲਿਖਣ ਲਈ ਪ੍ਰਾਪਤ ਗਿਆਨ ਦੀ ਵਰਤੋਂ ਨਹੀਂ ਕੀਤੀ, ਪਰ ਫਿਰ ਵੀ ਜੋ ਸੰਕੇਤ ਉਨ੍ਹਾਂ ਆਪਣੀਆਂ ਵਾਰਾਂ ਵਿਚ ਦਿੱਤੇ ਹਨ, ਉਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾ ਸਕਦਾ ।"[9] ਡਾ. ਫ਼ੌਜਾ ਸਿੰਘ ਅਨੁਸਾਰ, "ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ ਲਿਖਣ ਲਈ ਭਾਈ ਗੁਰਦਾਸ ਦੀਆਂ ਵਾਰਾਂ ਵਧੀਆ ਤੇ ਪੁਰਾਤਨ ਸ੍ਰੋਤ ਹਨ । ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦੀ ਕ੍ਰਿਤ ਦੀਆਂ ਕੁਝ ਸੀਮਾਵਾਂ ਹਨ, ਜਿਵੇਂ ਕਿ ਲੇਖਕ ਦੀ ਭਾਵੁਕਤਾ, ਅਭਿਵਿਅਕਤੀ ਲਈ ਕਾਵਿ ਦਾ ਮਾਧਿਅਮ ਅਤੇ ਥੋੜ੍ਹੀ ਬਹੁਤ ਆਦਿ ਭੌਤਿਕ ਤੱਤਾਂ ਦੀ ਹੋਂਦ । ਫਿਰ ਵੀ ਇਸ ਤੋਂ ਸਿੱਖ ਮੱਤ ਦੇ ਬਾਨੀ ਦੇ ਜੀਵਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ" ।[10] "ਭਾਈ ਗੁਰਦਾਸ ਦੀ ਰਚਨਾ, ਜਿਸ ਦਾ ਚਰਿਤ੍ਰ ਭਾਵੇਂ ਉਪਦੇਸ਼ਾਤਮਕ ਹੈ, ਇਤਿਹਾਸਕ ਪੱਖੋਂ ਮਹਾਨ ਹੈ" ।[11] ਇਕ ਅੰਗਰੇਜ਼ ਵਿਦਵਾਨ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਤੋਂ ਬਿਨਾਂ ਗੁਰੂ ਨਾਨਕ ਦੀ ਕੋਈ ਜਨਮਸਾਖੀ, ਸੰਪੂਰਨ ਨਹੀਂ ਹੋ ਸਕਦੀ।[12] ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਕਈ ਘਟਨਾਵਾਂ ਦਾ ਪਹਿਲਾਂ ਜਾਂ ਦਰੁਸਤ ਵਿਵਰਣ ਵੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦਾ ਹੈ। ਡਾ. ਫ਼ੌਜਾ ਸਿੰਘ ਅਨੁਸਾਰ, "ਗੁਰੂ ਨਾਨਕ ਦੇਵ ਜੀ ਦੀਆਂ 'ਉਦਾਸੀਆਂ' ਦਾ ਸਭ ਤੋਂ ਪਹਿਲਾ ਲਿਖਤੀ ਵਰਣਨ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਮਿਲਦਾ ਹੈ"।[13] ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਗੋਸ਼ਟ ਨੂੰ ਪੁਰਾਤਨ ਜਨਮਸਾਖੀ ਵਿਚ ਦਿਤੇ ਵਰਨਣ ਨਾਲੋਂ ਵਧੇਰੇ ਸੱਚਾ ਮੰਨਿਆ ਹੈ।[14] ਡਾ. ਸੁਰਿੰਦਰ ਸਿੰਘ ਕੋਹਲੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਵਰਨਣ ਕਰਦਿਆਂ ਭਾਈ ਗੁਰਦਾਸ ਵੱਲੋਂ ਦਿਤੇ ਗਏ ਬਿਉਰੇ ਦਾ ਵਿਸ਼ੇਸ਼ ਉਲੇਖ ਕੀਤਾ ਹੈ।[15]

ਉਪਰੋਕਤ ਵਿਵੇਚਣ ਤੋਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਭਾਵੇਂ ਸ਼ੁੱਧ ਇਤਿਹਾਸ ਨਹੀਂ ਕਿਹਾ ਜਾ ਸਕਦਾ ਪਰ ਉਨ੍ਹਾਂ ਵਿਚ ਅਜਿਹੇ ਇਤਿਹਾਸਕ ਸੰਕੇਤ ਵਿਦਮਾਨ ਹਨ ਜੋ ਗੁਰ-ਇਤਿਹਾਸ ਉਲੀਕਣ ਲਈ ਵਡਮੁੱਲੀ ਸਾਮਗ੍ਰੀ ਪ੍ਰਦਾਨ ਕਰਦੇ ਹਨ। ਇਹ ਇਤਿਹਾਸਕ ਸੰਕੇਤ ਅਧਿਕਤਰ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਨਾਲ ਸੰਬੰਧਿਤ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਿੰਬ ਨੂੰ ਉਜਾਗਰ ਕਰਦੇ ਹਨ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਜੀ ਤੱਕ ਸੰਕੇਤ ਵੀ ਮਿਲਦੇ ਹਨ ਜੋ ਗੁਰ-ਇਤਿਹਾਸ ਉਲੀਕਣ ਲਈ ਸਹਾਈ ਹੁੰਦੇ ਹਨ। ਭਾਈ ਗੁਰਦਾਸ ਨੇ ਗਿਆਰ੍ਹਵੀਂ ਵਾਰ ਵਿਚ ਗੁਰੂ ਸਾਹਿਬਾਨ ਦੇ ਕੁਝ ਪ੍ਰਮੁਖ ਸਿੱਖਾਂ ਦੀ ਸੂਚੀ ਵੀ ਦਿੱਤੀ ਹੈ ਜੋ ਇਕ ਤਰ੍ਹਾਂ ਨਾਲ ਗੁਰੂ-ਕਾਲ ਦੇ ਸਿੱਖਾਂ ਦੀ ਨਾਮਵਲੀ ਦਾ ਲਘੂ ਕੋਸ਼ ਹੈ।

(ੲ) ਰਾਜਸੀ ਭਾਵਨਾ :

ਗੁਰਬਾਣੀ ਵਾਂਗ ਭਾਈ ਗੁਰਦਾਸ ਦੀ ਕਾਵਿ-ਰਚਨਾ ਦੀ ਮੂਲ ਪ੍ਰਕ੍ਰਿਤੀ ਅਧਿਆਤਮਕ ਹੈ ਪਰ ਫਿਰ ਵੀ ਗੁਰਬਾਣੀ ਵਾਂਗ ਹੀ, ਉਨ੍ਹਾਂ ਦੀ ਵਿਚਾਰਧਾਰਾ ਰਾਜਸੀ ਭਾਵਨਾ ਤੋਂ ਬਿਲਕੁਲ ਅਭਿੱਜ ਵੀ ਨਹੀਂ। ਉਨ੍ਹਾਂ ਦੀ ਕਾਵਿ-ਰਚਨਾ ਵਿਚ ਰਾਜਸੀ ਭਾਵਨਾ ਦਾ ਪ੍ਰਵੇਸ਼ ਗੁਰਬਾਣੀ ਦੇ ਅਧਿਐਨ ਦੁਆਰਾ ਹੋਇਆ ਅਤੇ ਉਨ੍ਹਾਂ ਦੇ ਆਪਣੇ ਨਿੱਜੀ ਅਨੁਭਵ ਦੇ ਆਧਾਰ ਉੱਤੇ ਇਹ ਭਾਵਨਾ ਵਿਕਸਤ ਹੋਈ ਹੈ।

ਗੁਰੂ ਨਾਨਕ ਦੇਵ ਜੀ ਦੀ ਰਾਜਨੀਤਕ ਵਿਚਾਰਧਾਰਾ ਸੰਬੰਧੀ ਇਤਿਹਾਸਕਾਰਾਂ ਵਿਚ ਕਾਫ਼ੀ ਮੱਤਭੇਦ ਹੈ। ਕਨਿੰਘਮ ਨੇ ਗੁਰੂ ਨਾਨਕ ਦੇ ਸੁਧਾਰ ਨੂੰ ਕਿਸੇ ਰਾਜਸੀ ਭਾਵਨਾ ਤੋਂ ਮੁਕਤ ਨਿਰੋਲ ਧਾਰਮਿਕ ਤੇ ਸਦਾਚਾਰਕ ਮੰਨਿਆ ਹੈ[16] ਪਰ ਗੁਰੂ ਨਾਨਕ ਦੇਵ ਜੀ ਦੁਆਰਾ ਸਮਕਾਲੀ ਰਾਜ-ਪ੍ਰਬੰਧ 'ਤੇ ਟੀਕਾ-ਟਿੱਪਣੀ ਅਤੇ ਅਸੰਤੋਸ਼ ਦਾ ਪ੍ਰਗਟਾਅ ਰਾਜਸੀ ਭਾਵਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਉਦੈ ਦਾ ਸੰਕੇਤ ਹੈ, ਜਿਵੇਂ :

(ੳ) ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰਿ ਉਡਰਿਆ ।[17]
(ਅ) ਰਾਜੇ ਸੀਹ ਮੁਕੱਦਮ ਕੁੱਤੇ । ਜਾਇ ਜਗਾਇਨਿ ਬੈਠੇ ਸੁਤੇ ।
ਚਾਕਰ ਨਹਦਾ ਪਾਇਨਿ ਘਾਉ । ਰਤੁ ਪਿਤੁ ਕੁਤਿਹੋ ਚਟਿ ਜਾਹੁ ।[18]
(ੲ) ਕਾਜੀ ਹੋਇ ਕੈ ਬਹੈ ਨਿਆਇ । ਫੇਰੇ ਤਸਬੀ ਕਰੇ ਖੁਦਾਇ ।
ਵਢੀ ਲੈ ਕੇ ਹਕੁ ਗਵਾਏ । ਜੇ ਕੋ ਪੁਛੇ ਤਾ ਪੜਿ ਸੁਣਾਇ ।[19]

ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚੋਂ ਵੀ ਅਜਿਹੀ ਰਾਜਨੀਤਕ ਸਥਿੱਤੀ ਦਾ ਵਿਵਰਣ ਮਿਲਦਾ ਹੈ, ਜਿਵੇਂ :

(ੳ) ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ । 1/7
(ਅ) ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।...
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ । 1/30

ਭਾਈ ਗੁਰਦਾਸ ਦੇ ਉਪਰੋਕਤ ਵਰਨਣ ਵਿਚੋਂ ਭਾਵੇਂ ਗੁਰੂ ਨਾਨਕ ਦੇਵ ਜੀ ਦੇ ਆਪਣੇ ਮੱਤ ਦਾ ਕੋਈ ਰਾਜਸੀ ਅਸਤਿਤਵ ਨਜ਼ਰ ਨਹੀਂ ਆਉਂਦਾ ਪਰ ਫਿਰ ਵੀ ਸਮਕਾਲੀ ਰਾਜ-ਪ੍ਰਬੰਧ 'ਤੇ ਕੀਤੀ ਗਈ ਨੁਕਤਾਚੀਨੀ ਵਿਚ ਰਾਜਸੀ ਭਾਵਨਾ ਵਿਦਮਾਨ ਹੈ ਜਿਸ ਨੂੰ ਵਿਚਾਰ ਅਧੀਨ ਰੱਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ, "ਗੁਰੂ ਨਾਨਕ ਤੋਂ ਇਕ ਪੈਗ਼ੰਬਰੀ ਅਤੇ ਧਰਮ-ਯੁਧ ਦੀ ਨਵੀਨ ਪਰੰਪਰਾ ਦਾ ਹੀ ਉਦੈ ਨਹੀਂ ਹੁੰਦਾ, ਇਕ ਨਵੀਨ ਰਾਜ-ਭਾਵਨਾ ਵੀ ਅੰਗੜਾਈ ਲੈਂਦੀ ਦਿਸ ਆਉਂਦੀ ਹੈ । ਗੁਰੂ ਨਾਨਕ ਤੋਂ ਕੇਵਲ ਇਕ ਧਰਮ-ਪਰੰਪਰਾ ਦਾ ਆਰੰਭ ਹੀ ਨਹੀਂ ਹੁੰਦਾ, ਇਕ ਰਾਜ-ਪਰੰਪਰਾ ਦਾ ਆਰੰਭ ਵੀ ਹੁੰਦਾ ਹੈ" ।[20] ਪ੍ਰਸਿੱਧ ਇਤਿਹਾਸਕਾਰ ਸਰ ਗੋਕੁਲ ਚੰਦ ਨਾਰੰਗ ਨੇ ਤਾਂ ਇਥੋਂ ਤੱਕ ਕਹਿ ਦਿਤਾ ਹੈ ਕਿ ਜਿਸ ਤਲਵਾਰ ਨਾਲ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ, ਉਸ ਲਈ ਫ਼ੌਲਾਦ ਗੁਰੂ ਨਾਨਕ ਦੇਵ ਤੋਂ ਹੀ ਪ੍ਰਾਪਤ ਹੋਇਆ ਸੀ ।[21]

ਬਹੁਤਾ ਸਾਰਾ ਸਮਾਂ ਸਿੱਖ ਧਰਮ ਆਪਣੇ ਸ਼ਾਂਤਮਈ ਸੰਤ ਸਰੂਪ ਵਿਚ ਵਿਕਸਤ ਹੁੰਦਾ ਰਿਹਾ । "ਸਿੱਖ ਧਰਮ ਨੇ ਉਸ ਸਮੇਂ ਤਕ ਆਪਣੇ ਸ਼ਾਂਤਮਈ ਕਿਰਦਾਰ ਨੂੰ ਕਾਇਮ ਰੱਖਿਆ ਜੰਨਾਂ ਚਿਰ ਹਕੂਮਤ ਨੇ ਕੋਈ ਦਖ਼ਲ ਨਾ ਦਿੱਤਾ ਪਰ ਇਹ ਗੁਰੂ ਅਰਜਨ ਦੇਵ ਦੀ ਸ਼ਹੀਦੀ ਦਾ ਪ੍ਰਤਿਕ੍ਰਮ ਸੀ ਕਿ ਗੁਰੂ ਹਰਿਗੋਬਿੰਦ ਨੂੰ ਸ਼ਸਤ੍ਰ ਬੱਧ ਮੁਕਾਬਲੇ ਦੀ ਨੀਤੀ ਅਪਣਾਉਣੀ ਪਈ" ।[22] ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ ਸਮੇਂ ਸੇਲ੍ਹੀ-ਟੋਪੀ ਦੀ ਥਾਂ ਦੋ ਤਲਵਾਰਾਂ ਧਾਰਨ ਕੀਤੀਆਂ । ਭਾਈ ਗੁਰਦਾਸ ਨੇ—ਦਲਭੰਜਨ ਗੁਰੂ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ' (1/48), ਕਹਿ ਕੇ ਗੁਰੂ ਹਰਿਗੋਬਿੰਦ ਜੀ ਦੇ ਰਾਜਸੀ ਵਿਅਕਤਿਤਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਰੂਪਮਾਨ ਕੀਤਾ ਹੈ। ਗੁਰੂ ਹਰਿਗੋਬਿੰਦ ਦੀ ਸਰਪਰਸਤੀ ਹੇਠ ਸਿੱਖ ਧਰਮ ਸੰਤ-ਸਿਪਾਹੀ ਦੇ ਰੂਪ ਵਿਚ ਵਿਕਸਤ ਹੋਣ ਲੱਗਾ। ਅਧਿਆਤਮਕ ਜੀਵਨ ਦੀ ਥਾਂ ਗੁਰੂ ਹਰਿਗੋਬਿੰਦ ਜੀ ਦੀਆਂ ਬੀਰ-ਰਸੀ ਰਹੁ-ਰੀਤਾਂ ਨੂੰ ਵੇਖ ਕੇ ਲੋਕਾਂ ਦੇ ਮਨਾਂ ਵਿਚ ਅਨੇਕ ਪ੍ਰਕਾਰ ਦੇ ਸ਼ੰਕੇ ਉਤਪੰਨ ਹੋ ਗਏ ਜਿਨ੍ਹਾਂ ਦੀ ਨਵ੍ਰਿਤੀ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਦੇ ਮਾਧਿਅਮ ਦੁਆਰਾ ਕੀਤੀ ਹੈ। ਭਾਈ ਗੁਰਦਾਸ ਦੀ 26ਵੀਂ ਵਾਰ ਦੀ 24ਵੀਂ ਪਉੜੀ ਸੰਬੰਧੀ ਟਿੱਪਣੀ ਕਰਦਿਆਂ ਗਿਆਨੀ ਹਜ਼ਾਰਾ ਸਿੰਘ ਨੇ ਲਿਖਿਆ ਹੈ ਕਿ "ਇਸ ਪਉੜੀ ਵਿਚ ਉਹ ਉਲ੍ਹਾਮੇ ਹਨ ਜੋ ਲੋਕੀ ਗੁਰੂ ਹਰਿਗੋਬਿੰਦ ਦਾ ਬੀਰ-ਰਸੀ ਜੀਵਨ ਦੇਖ ਕੇ ਦੇਣ ਲੱਗ ਪਏ ਸਨ"।[23] ਲੋਕਾਂ ਦਾ ਸ਼ੰਕਾ ਸੀ :

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜ੍ਹਿ ਚੜ੍ਹਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨਾ ਪਾਵਈ ਨਠਾ ਫਿਰੈ ਨਾ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁੱਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ। 26/24

ਉਪਰੋਕਤ ਸ਼ੰਕੇ ਦੀ ਨਵ੍ਰਿਤੀ ਕਰਦਿਆਂ ਭਾਈ ਗੁਰਦਾਸ ਨੇ ਸਮੇਂ ਦੀ ਲੋੜ ਅਨੁਸਾਰ ਸਿੱਖ ਧਰਮ ਵਿਚ ਕੀਤੀ ਗਈ ਇਸ ਨਵੀਂ ਰਾਜਨੀਤਿਕ ਵਿਵਸਥਾ ਦੀ ਪੁਸ਼ਟੀ ਕੀਤੀ ਹੈ, ਜਿਵੇਂ :

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਲਪੇਟੇ ਚੰਨਣੈ ਬੂਹੇ ਜੰਦਰਾ ਕੁਤਾ ਜਾਗੈ।
ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ।
ਜਿਉ ਪਾਰਸੁ ਵਿਚਿ ਪਥਰਾ ਮਣਿ ਮਸਤਕਿ ਜਿਉ ਕਾਲੈ ਨਾਗੈ।
ਰਤਨੁ ਸੋਹੈ ਗਲਿ ਮੋਤ ਵਿਚਿ ਮੈਗਲੁ ਬਧਾ ਕਚੈ ਧਾਗੈ। 26/25

ਭਾਈ ਗੁਰਦਾਸ ਦੀ ਰਾਜਸੀ ਭਾਵਨਾ ਦਾ ਇਕ ਨਿਵੇਕਲਾ ਸਰੂਪ ਇਹ ਵੀ ਹੈ ਕਿ ਉਨ੍ਹਾਂ ਨੇ ਦੁਨਿਆਵੀ ਰਾਜਿਆਂ ਦੀ ਅਧੀਨਗੀ ਦਾ ਖੰਡਨ ਕਰ ਕੇ, ਆਧਿਆਤਮਕ ਗੁਰੂ ਨੂੰ ਹੀ ਸ੍ਰੇਸ਼ਟ ਮੰਨਿਆ ਹੈ :

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ। 15/1

ਭਾਈ ਗੁਰਦਾਸ ਅਨੁਸਾਰ ਸਤਿਗੁਰ ਦੀ ਸ਼ਰਨ ਵਿਚ ਆਉਣ ਦੀ ਥਾਂ ਦੁਨਿਆਵੀ ਰਾਜਿਆਂ ਦੀ ਗ਼ੁਲਾਮੀ ਕਰਨ ਵਾਲਿਆਂ ਦਾ ਭਵਿੱਖ ਧੁੰਦਲਾ ਤੇ ਦੁਖਦਾਈ ਹੈ, ਅਰਥਾਤ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਗੁਰ ਸਾਹਿਬੁ ਛਡਿਕੈ ਮਨਮੁਖੁ ਹੋਇ ਬੰਦੇ ਦਾ ਬੰਦਾ ।
ਹੁਕਮੀ ਬੰਦਾ ਹੋਇਕੈ ਨਿਤ ਉਠਿ ਜਾਇ ਸਲਾਮੁ ਕਰੰਦਾ ।
ਆਠ ਪਹਰ ਹਥ ਜੋੜਿਕੈ ਹੋਇ ਹਜੂਰੀ ਖੜਾ ਰਹੰਦਾ ।
ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜਿਆ ਰਹੈ ਡਰੰਦਾ ।
ਪਾਣੀ ਪਾਲਾ ਧੁਪ ਛਾਉ ਸਿਰ ਉਤੇ ਝਲਿ ਦੁਖ ਸਹੰਦਾ ।
ਆਤਸਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ ।
ਗੁਰ ਪੂਰੇ ਵਿਣੁ ਜੂਨਿ ਭਵੰਦਾ । 15/4

ਭਾਈ ਗੁਰਦਾਸ ਦੇ ਇਨ੍ਹਾਂ ਖ਼ਿਆਲਾਂ ਦਾ ਹੀ ਅਸਰ ਸੀ ਕਿ ਕਈ ਸੂਰਮੇ ਬਿਨਾਂ ਤਨਖ਼ਾਹ ਕੰਮ ਕਰਨ ਲਈ ਛੇਵੇਂ ਗੁਰੂ ਜੀ ਦੀਆਂ ਫ਼ੌਜਾਂ ਵਿਚ ਆ ਇਕੱਠੇ ਹੋਏ ।[24]

ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਵਿਦਮਾਨ ਰਾਜਸੀ ਭਾਵਨਾ ਦੇ ਵਿਵੇਚਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਵਿਚ ਰਾਜਨੀਤਕ ਚੇਤੰਨਤਾ ਦਾ ਬੀਜ ਗੁਰੂ ਨਾਨਕ ਕਾਲ ਵਿਚ ਅਸੰਤੋਸ਼ ਦੀ ਭਾਵਨਾ ਦੇ ਰੂਪ ਵਿਚ ਬੀਜਿਆ ਗਿਆ ਜੋ ਗੁਰੂ ਹਰਿਗੋਬਿੰਦ ਦੇ ਸਮੇਂ ਪ੍ਰਫੁੱਲਤ ਹੋਇਆ । ਇਸ ਤਰ੍ਹਾਂ ਸਿੱਖ ਧਰਮ ਵਿਚ ਰਾਜਨੀਤਕ ਚੇਤੰਨਤਾ ਦੇ ਉਦਗਮ ਅਤੇ ਵਿਕਾਸ ਨੂੰ ਜਾਨਣ ਲਈ ਭਾਈ ਗੁਰਦਾਸ ਦੀ ਕਾਵਿ-ਰਚਨਾ ਇਕ ਮਹੱਤਵਪੂਰਨ ਸ੍ਰੋਤ ਹੈ ।

(ਸ) ਸਮਾਜਿਕ ਵਿਵੇਚਣ :

ਭਾਈ ਗੁਰਦਾਸ ਦੇ ਚਿੰਤਨ ਵਿਚੋਂ ਸਾਨੂੰ ਉਨ੍ਹਾਂ ਦੇ ਸਮਾਜਿਕ ਵਿਵੇਚਣ ਦਾ ਪਰਿਚਯ ਵੀ ਮਿਲਦਾ ਹੈ ਜੋ ਪ੍ਰਮੁਖ ਰੂਪ ਵਿਚ ਤਿੰਨ ਵਿਭਿੰਨ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ —(1) ਸਮਾਜਿਕ ਸਥਿਤੀ ਦਾ ਚਿਤ੍ਰਣ, (2) ਸਮਾਜਿਕ ਸੰਕਲਪ ਅਤੇ (3) ਸਮਾਜਿਕ ਜੀਵਨ ਦਾ ਬੋਧ ।

ਸਮਾਜਿਕ ਸਥਿਤੀ ਦਾ ਚਿਤਰਣ : ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਰਣ ਵਿਚ ਉਸ ਸਮੇਂ ਦੀਆਂ ਸਮਾਜਿਕ ਪਰਿਸਥਿਤੀਆਂ ਦਾ ਭਰਪੂਰ ਵਰਨਣ ਮਿਲਦਾ ਹੈ । ਅਜਿਹਾ ਸਮਾਜਿਕ ਚਿਤ੍ਰਣ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਵਿਚੋਂ ਵੀ ਮਿਲ ਜਾਂਦਾ ਹੈ ਅਤੇ "ਉਨ੍ਹਾਂ ਦਾ ਇਹ ਸਮਾਜਿਕ ਨਿਰੀਖਣ ਬੜਾ ਵਿਆਪਕ ਤੇ ਵਿਸਤ੍ਰਿਤ ਹੈ" ।[25] ਇਤਿਹਾਸ ਦੇ ਝਰੋਖੇ ਵਿਚੋਂ ਵੇਖਿਆਂ ਪਤਾ ਲੱਗਦਾ ਹੈ ਕਿ ਉਸ ਸਮੇਂ "ਰਾਜਨੀਤਕ ਅਨੁਸ਼ਾਸਨ-ਹੀਣਤਾ, ਸਮਾਜਿਕ ਉਲਝਣ, ਧਾਰਮਿਕ ਭ੍ਰਿਸ਼ਟਾਚਾਰ, ਸਦਾਚਾਰਕ ਗਿਰਾਵਟ ਅਤੇ ਅਧਿਆਤਮਕ ਗ਼ੁਲਾਮੀ ਦਾ ਬੋਲਾ-ਬਾਲਾ ਸੀ" ।[26] "ਗੁਰੂ ਨਾਨਕ ਦੇਵ ਦੇ ਜਨਮ ਸਮੇਂ ਪੰਜਾਬ ਦੀ ਹੀ ਨਹੀਂ ਸਾਰੇ ਹਿੰਦੁਸਤਾਨ ਦੇ ਲੋਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸਮਾਜਿਕ, ਰਾਜਨੀਤਕ, ਆਰਥਿਕ ਤੇ ਧਾਰਮਿਕ ਹਾਲਤ ਬੜੀ ਡਾਵਾਂ ਡੋਲ ਸੀ" ।[27] ਇਸ "ਸਮੇਂ ਵਿਚ ਰਾਜਨੀਤਕ ਤੇ ਸਮਾਜਿਕ ਸੰਕੀਰਣਤਾ ਅਤੇ ਅਤਿਆਚਾਰਾਂ ਦਾ ਮੂਲ ਕਾਰਣ ਧਾਰਮਿਕ ਸੰਕੀਰਣਤਾ ਸੀ। ਉਸ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਆਪਣੇ ਧਰਮ ਦੀਆਂ ਉਦਾਰ ਅਤੇ ਸਰਵਭੌਮਿਕ ਮਾਨਤਾਵਾਂ ਨੂੰ ਭੁੱਲ ਕੇ ਸੰਪ੍ਰਦਾਇਕਤਾ ਦੇ ਟੋਏ ਵਿਚ ਡਿੱਗ ਪਏ ਸਨ" ।[28] ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ "ਗੁਰੂ ਨਾਨਕ ਦੇਵ ਜੀ ਦਾ ਸਮਾਂ ਰਾਜਸੀ ਤੌਰ 'ਤੇ ਅਸ਼ਾਂਤੀ ਦਾ ਜੁਗ ਸੀ; ਧਾਰਮਿਕ ਤੌਰ 'ਤੇ ਮਜ਼ਬੀ ਖਿੱਚੋਤਾਣ ਦਾ; ਆਰਥਿਕ ਤੌਰ 'ਤੇ ਮਜਬੂਰ; ਸਮਾਜਿਕ ਤੌਰ 'ਤੇ ਵਹਿਮਾਂ ਤੇ ਭੇਖਾਂ ਵਿਚ ਫਸਿਆ ਤੇ ਸਭਿਆਚਾਰਕ ਤੌਰ 'ਤੇ ਮਾਯੂਸ 'ਤੇ ਗ਼ੁਲਾਮੀ, ਗ਼ਰੀਬੀ ਤੇ ਮੁਰਦਨੀ ਛਾਈ ਹੋਈ ਸੀ" ।[29] ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ "ਆਪਣੇ ਸਮੇਂ ਦੇ ਖਿੰਡੇ-ਪੁੰਡੇ, ਹੀਨ ਅਤੇ ਦਰਿਦ੍ਰ ਸਮਾਜ ਨੂੰ ਵੇਖਿਆ" ।[30] ਜੇ ਇਸ ਸਮੁੱਚੇ ਕਾਲ 'ਤੇ ਝਾਤ ਮਾਰੀਏ ਤਾਂ "ਇਸ ਸਮੇਂ ਦੀਆਂ ਘਟਨਾਵਾਂ ਦਾ ਲੇਖਾ-ਜੋਖਾ ਭਾਰਤ ਦੇ ਇਤਿਹਾਸ ਦੇ ਨਿਰਾਸ਼ਾ-ਭਰਪੂਰ ਕਾਂਡ ਦੀ ਸਿਰਜਨਾ ਕਰਦਾ ਹੈ" ।[31] ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਾਮਾਜ ਆਪਣੇ ਪੁਰਾਤਨ ਗੌਰਵ ਨੂੰ ਗੁਆ ਕੇ ਢਹਿ ਢੇਰੀ ਹੋ ਚੁੱਕਾ ਸੀ।

ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਹਿੰਦੂ-ਮੁਸਲਮਾਨਾਂ ਦੀ ਖਿੱਚੋਤਾਣ ਤੇ ਰਾਜ-ਸਤਾ ਦੇ ਬਲਬੋਤੇ ਹਿੰਦੂਆਂ ਉਤੇ ਜ਼ੁਲਮ (1/20); ਹਿੰਦੂਆਂ ਤੇ ਮੁਸਲਮਾਨਾਂ ਦੀਆਂ ਵਿਰੋਧੀ ਰਹੁ-ਰੀਤਾਂ (1/21); ਹਿੰਦੂ ਧਰਮ ਵਿਚ ਅੰਧ-ਵਿਸ਼ਵਾਸ ਤੇ ਕਰਮ-ਕਾਂਡ (1/18); ਵਰਨਾਂ ਦੀ ਈਰਖਾ (1/17); ਅਨੇਕ ਪ੍ਰਕਾਰ ਦੇ ਮਤ-ਮਤਾਂਤ੍ਰਾਂ ਦੀ ਹੋਂਦ (1/19); ਸਿਧਾਂ ਤੇ ਨਾਥਾਂ ਦੀਆਂ ਕਰਾਮਾਤਾਂ (1/29); ਪਰਿਵਾਰਕ ਸੰਬੰਧਾਂ ਵਿਚ ਸਵਾਰਥ ਤੇ ਧਾਰਮਿਕ ਮਰਯਾਦਾ ਦਾ ਪੱਤਨ (1/30); ਆਦਿ ਦਾ ਵਰਨਣ ਵੀ ਇਕ ਅਜਿਹੇ ਖੰਡਿਤ ਭਾਰਤੀ ਸਮਾਜ ਦਾ ਚਿਤ੍ਰ ਪ੍ਰਸਤੁਤ ਕਰਦਾ ਹੈ। ਇਸ ਪ੍ਰਸੰਗ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੀ ਪਹਿਲੀ ਵਾਰ ਇਕ ਅਜਿਹਾ ਝਰੋਖਾ ਹੈ ਜਿਸ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਨਿਕਟਵਰਤੀ ਸਮਾਜ ਦੇ ਨੈਣ-ਨਕਸ਼ ਵੇਖੇ ਜਾ ਸਕਦੇ ਹਨ।

ਸਮਾਜਿਕ ਸੰਕਲਪ : ਭਾਈ ਗੁਰਦਾਸ ਦਾ ਸਮਾਜਿਕ ਸੰਕਲਪ ਉਸ ਸਿੱਖ ਧਰਮ ਦਾ ਸੰਕਲਪ ਹੈ ਜਿਸ ਦੀ ਸਥਾਪਨਾ ਦਾ ਸੰਕੇਤ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਰਣ ਵਿਚ ਕੀਤਾ ਹੈ, ਅਰਥਾਤ :

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ। 1/45

ਇਹ ਨਿਰਮਲ ਪੰਥ ਹੀ ਮੂਲ ਰੂਪ ਵਿਚ ਇਸ ਆਦਰਸ਼ ਸਿੱਖ ਸਮਾਜ ਦੀ ਸਥਾਪਨਾ ਦਾ ਬੀਜ ਰੂਪ ਹੈ। ਇਹ ਸਿੱਖ ਸਮਾਜ ਵਰਨ ਰਹਿਤ ਅਤੇ ਊਚ-ਨੀਚ ਦੇ ਭੇਦ ਭਾਵ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਕਤ ਹੈ :

ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ । 1/23

ਇਸ ਤਰ੍ਹਾਂ "ਭਾਈ ਗੁਰਦਾਸ ਨੇ ਆਪਣਾ ਜੋ ਸਮਾਜਿਕ ਸੰਕਲਪ ਪੇਸ਼ ਕੀਤਾ ਹੈ, ਉਸ ਦਾ ਮੂਲ ਆਧਾਰ ਧਰਮ ਹੈ। ਧਰਮ ਤੋਂ ਬਿਨਾਂ ਉਨ੍ਹਾਂ ਦੇ ਸਮਾਜਿਕ ਸੰਕਲਪ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਧਰਮ ਆਧਾਰਿਤ ਸਮਾਜ ਦੇ ਵਿਅਕਤੀਆਂ ਦਾ ਸਰੂਪ ਵੀ ਧਰਮ ਨੂੰ ਸਾਹਮਣੇ ਰੱਖ ਕੇ ਚਿਤਰਿਆ ਗਿਆ ਹੈ" ।[82] ਇਸ ਧਰਮ-ਮੂਲਕ ਸਮਾਜ ਵਿਚ ਮਨੁੱਖ ਦੇ ਆਤਮਿਕ ਵਿਕਾਸ 'ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਇਸ ਆਤਮਿਕ ਵਿਕਾਸ ਲਈ ਸਿੱਖ ਸਮਾਜ ਵਿਚ ਸਤਿਗੁਰੂ ਦਾ ਵਿਸ਼ੇਸ਼ ਮਹੱਤਵ ਹੈ। ਉਹ ਇਕ ਅਜਿਹਾ ਚਾਨਣ-ਮੁਨਾਰਾ ਹੈ ਜੋ ਇਸ ਸਮਾਜ ਦੇ ਪ੍ਰਾਣੀਆਂ ਨੂੰ ਰੌਸ਼ਨੀ ਪ੍ਰਦਾਨ ਕਰਦਾ ਹੈ।

ਇਸ ਸਮਾਜ ਵਿਚ ਮਨੁੱਖ ਦੇ ਦੋ ਵਰਗ ਹਨ—ਗੁਰਮੁਖ ਤੇ ਮਨਮੁੱਖ। ਗੁਰਮੁਖ ਉਹ ਵਿਅਕਤੀ ਹੈ ਜੋ ਸਤਿਗੁਰ ਦੀ ਆਗਿਆ ਵਿਚ ਰਹਿ ਕੇ ਉਸ ਦੀ ਸਿਖਿਆ ਅਨੁਸਾਰ ਚਲਦਾ ਹੈ ਅਤੇ ਸਿੱਖ ਸਮਾਜ ਦੇ ਆਦਰਸ਼ਾਂ ਦੀ ਪਾਲਣਾ ਕਰਦਾ ਹੈ ਪਰ ਮਨਮੁੱਖ ਸਿੱਖ ਸਮਾਜ ਦਾ ਵਿਰੋਧੀ ਤੱਤ ਹੈ। ਉਹ ਆਪਣੀ ਮਨਮਤਿ ਹੀ ਸ੍ਰੇਸ਼ਟ ਸਮਝਦਾ ਹੈ ਅਤੇ ਸਤਿਗੁਰ ਦੀ ਸਿਖਿਆ ਤੇ ਸਮਾਜਿਕ ਮਰਯਾਦਾ ਅਨੁਸਾਰ ਨਹੀਂ ਚਲਦਾ। ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਗੁਰਮੁਖ ਤੇ ਮਨਮੁੱਖ ਦੋਹਾਂ ਵਰਗਾਂ ਦੇ ਵਿਅਕਤੀਆਂ ਦੇ ਚਰਿਤ੍ਰ ਦਾ ਵਰਣਨ ਵਿਆਪਕ ਮਾਤ੍ਰਾ ਵਿਚ ਕੀਤਾ ਗਿਆ ਹੈ। ਕਈ ਥਾਵਾਂ 'ਤੇ ਦੋਹਾਂ ਦੀ ਤੁਲਣਾ ਵੀ ਕੀਤੀ ਗਈ ਹੈ, ਜਿਵੇਂ :

ਗੁਰਮੁਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ ।
ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ ।
ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖਿ ਫਿਰਿ ਫਿਰਿ ਜਨਮ ਮਰੰਦੇ ।
ਗੁਰਮੁਖਿ ਸੁਖਫਲ ਪਾਇਦੇ ਮਨਮੁਖਿ ਦੁਖ ਫਲ ਦੁਖ ਲਹੰਦੇ ।
ਗੁਰਮੁਖਿ ਦਰਗਾਹ ਸਰਖੁਰੂ ਮਨਮੁਖਿ ਜਮਪਰਿ ਡੰਡੁ ਸਹੰਦੇ ।
ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨ ਜਲੰਦੇ ।
ਬੰਦੀ ਅੰਦਰਿ ਵਿਰਲੇ ਬੰਦੇ । 5/15

ਭਾਈ ਗੁਰਦਾਸ ਨੇ ਜਿਸ ਸਿੱਖ ਸਮਾਜ ਦਾ ਸੰਕਲਪ ਪੇਸ਼ ਕੀਤਾ ਹੈ, ਉਸ ਵਿਚ ਨਾਮ ਜਪਣ, ਕ੍ਰਿਤ ਕਰਨ, ਵੰਡ ਛਕਣ, ਨਿਮ੍ਰਤਾ, ਹਉਮੈ ਦਾ ਤਿਆਗ, ਸੇਵਾ, ਸਾਧ ਸੰਗਤਿ ਆਦਿ ਦਾ ਵਿਸ਼ੇਸ਼ ਮਹੱਤਵ ਹੈ ਅਤੇ ਇਹ ਸਭ ਕੁਝ ਗੁਰਸਿੱਖ ਦੇ ਕਰਤਵ ਵਿਚ ਸ਼ਾਮਲ ਹੈ ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਵਰਨਣ ਉਨ੍ਹਾਂ ਨੇ ਆਪਣੀਆਂ ਵਾਰਾਂ ਵਿਚ ਵਿਸਤਾਰ ਸਹਿਤ ਕੀਤਾ ਹੈ। ਨਿੰਮਨਾਂਕਿਤ ਪਉੜੀ ਗੁਰਸਿੱਖ ਦੇ ਸਮੁੱਚੇ ਕਰਤਵ ਦਾ ਬੋਧ ਕਰਵਾਉਂਦੀ ਹੈ, ਜਿਵੇਂ :

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ ।
ਘਾਲਿ ਖਾਇ ਸੁਕ੍ਰਿਤ ਕਰੈ ਵਡਾ ਹੋਇ ਨ ਆਪ ਗਣਾਏ ।
ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ ।
ਸਬਦ ਸੁਰਤਿ ਪਰਚਾ ਕਰੈ ਸਤਿਗੁਰ ਪਰਚੈ ਮਨ ਪਰਚਾਏ ।
ਆਸਾ ਵਿਚਿ ਨਿਰਾਸੁ ਵਲਾਏ । 28/15

ਸਿੱਖ ਸਮਾਜ ਵਿਚ ਸੇਵਾ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਭਾਈ ਗੁਰਦਾਸ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ :

ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ । 27/10

ਭਾਈ ਗੁਰਦਾਸ ਦੇ ਸਮਾਜਿਕ ਸੰਕਲਪ ਵਿਚ —"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"[33] —ਦੀ ਧਾਰਨਾ ਅਨੁਸਾਰ ਇਸਤ੍ਰੀ ਨੂੰ ਆਦਰਯੋਗ ਸਥਾਨ ਪ੍ਰਾਪਤ ਹੈ। ਭਾਈ ਗੁਰਦਾਸ ਨੇ ਤਾਂ ਇਸ ਸਮਾਜ ਦੇ ਆਦਰਸ਼ਕ ਪ੍ਰਾਣੀ—ਗੁਰਮੁਖ—ਦੀ ਸ੍ਰੇਸ਼ਟਤਾ ਦਾ ਪ੍ਰਦਰਸ਼ਨ ਵੀ ਪਤੀਬਰਤਾ ਨਾਰੀ ਦੇ ਦ੍ਰਿਸ਼ਟਾਂਤ ਦੁਆਰਾ ਕੀਤਾ ਹੈ ਅਤੇ ਉਸ ਨੂੰ ਮੁਕਤੀ ਦਾ ਸਾਧਨ ਮੰਨਿਆ ਹੈ, ਜਿਵੇਂ :

ਲੋਕ ਵੇਦ ਗੁਣ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ ।
ਗੁਰਮੁਖਿ ਸੁਖ ਫਲ ਨਿਹਚਉ ਨਾਰੀ । 5/16

ਭਾਈ ਗੁਰਦਾਸ ਨੇ ਇਸਤ੍ਰੀ ਪ੍ਰਤਿ ਆਦਰ-ਭਾਵ ਕਾਇਮ ਰਖਣ 'ਤੇ ਜ਼ੋਰ ਦਿੱਤਾ ਹੈ ਜਿਵੇਂ :

(ੳ) ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ । 6/8
(ਅ) ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਜਾਵੈ । 12/4
(ੲ) ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ । 29/11

ਉਪਰੋਕਤ ਵਿਵੇਚਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਗੁਰਦਾਸ ਨੇ ਆਪਣੀ ਕਾਵਿ-ਰਚਨਾ ਵਿਚ ਇਕ ਸਵਸਥ ਸਿੱਖ ਸਮਾਜ ਦਾ ਸੰਕਲਪ ਪੇਸ਼ ਕੀਤਾ ਹੈ ਜਿਸ ਦਾ ਮੂਲਾਧਾਰ ਧਰਮ ਹੋਣ ਕਰਕੇ ਸਮਾਜ ਅਤੇ ਵਿਅਕਤੀ ਦੋਵੇਂ ਧਰਮ ਉਤੇ ਨਿਰਭਰ ਸਦਾਚਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਚਰਣ ਵਾਲੇ ਹਨ।

ਸਮਾਜਿਕ ਜੀਵਨ ਦਾ ਬੋਧ : ਸਮਾਜਿਕ ਪਰਸਥਿਤੀ ਦੇ ਚਿਤ੍ਰਣ ਅਤੇ ਸਮਾਜਿਕ ਸੰਕਲਪ ਤੋਂ ਇਲਾਵਾ ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚੋਂ ਉਨ੍ਹਾਂ ਦੇ ਸਮਕਾਲੀ ਸਮਾਜਿਕ ਜੀਵਨ ਦੇ ਬੋਧ ਦਾ ਪਰਿਚਯ ਵੀ ਮਿਲਦਾ ਹੈ। ਲੋਕ-ਜੀਵਨ ਦਾ ਸ਼ਾਇਦ ਹੀ ਕੋਈ ਅਜਿਹਾ ਖੇਤ੍ਰ ਹੋਵੇਗਾ ਜਿਸ ਦੀ ਜਾਣਕਾਰੀ ਭਾਈ ਗੁਰਦਾਸ ਨੂੰ ਨਾ ਹੋਵੇ। ਗੁਰਮਤਿ ਪ੍ਰਚਾਰ ਹਿਤ ਭਾਈ ਸਾਹਿਬ ਨੇ ਅਨੇਕਾਂ ਥਾਵਾਂ ਦੀ ਯਾਤ੍ਰਾ ਕੀਤੀ ਅਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੇ ਲੋਕਾਂ ਨੂੰ ਮਿਲਣ ਦਾ ਭਰਪੂਰ ਅਵਸਰ ਮਿਲਿਆ। ਪਿੰਡ, ਨਗਰ ਤੇ ਹੋਰ ਥਾਂ ਟਿਕਾਣੇ; ਹਰ ਤਰ੍ਹਾਂ ਦੇ ਰਿਸ਼ਤੇ-ਨਾਤੇ; ਇਸਤ੍ਰੀ ਦੇ ਕਈ ਰੂਪ; ਪ੍ਰਚਲਿਤ ਗਹਿਣੇ ਤੇ ਵਸਤ੍ਰ; ਖਾਣ-ਪੀਣ ਦੇ ਪਦਾਰਥ; ਘਰੇਲੂ ਵਰਤੋਂ ਦੀਆਂ ਚੀਜ਼ਾਂ-ਵਸਤਾਂ; ਖੇਤੀ; ਹੱਥ-ਧੰਦੇ ਤੇ ਹੋਰ ਕਾਰੋਬਾਰ; ਘਰੇਲੂ ਕੰਮ-ਧੰਦੇ; ਮਨੋਰੰਜਨ ਦੇ ਸਾਧਨ; ਕਲਾ ਤੇ ਕਲਾਕਾਰ; ਯਾਤ੍ਰਾ ਦੇ ਸਾਧਨ; ਧਾਰਮਿਕ ਕਰਮ-ਕਾਂਡ; ਪ੍ਰਚਲਿਤ ਰੀਤੀ-ਰਿਵਾਜ ਤੇ ਤਿਉਹਾਰ; ਰਾਜ ਪ੍ਰਬੰਧ; ਯੁਧ ਤੇ ਸ਼ਸਤ੍ਰ ਆਦਿ, ਅਤੇ ਪੰਜਾਬ ਦੇ ਲੋਕ-ਯਾਨ ਦਾ ਬਿੰਬ ਨਿਰਮਾਣ ਦੀ ਪ੍ਰਕ੍ਰਿਆ ਵਿਚ ਕੀਤਾ ਵਿਆਪਕ ਪ੍ਰਯੋਗ, ਭਾਈ ਗੁਰਦਾਸ ਦੇ ਸਮਾਜਿਕ ਜੀਵਨ ਦੇ ਬੋਧ ਦਾ ਪ੍ਰਤੱਖ ਪ੍ਰਮਾਣ ਹੈ।

ਹਵਾਲੇ ਤੇ ਟਿੱਪਣੀਆਂ

1. —He is the tirst interpreter of Sikh faith and most authentic.

   —Dr. Surinder Singh Kohli
   —'Sikh Ethics', p. 10.
2. 'ਗੁਰ ਸ਼ਬਦ ਰਤਨਾਕਰ'. ਮਹਾਨ ਕੋਸ਼, ਪੰਨਾ 311.
3. 'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, ਪੰਨਾ 22.
4. ਸਿੱਖ ਇਤਿਹਾਸ', ਭਾਗ ਦੂਜਾ ਪੰਨਾ 18.
5. ਗਿ. ਲਾਲ ਸਿੰਘ, 'ਦੋ ਸ਼ਬਦ', 'ਭਾਈ ਗੁਰਦਾਸ', ਭਾਸ਼ਾ ਵਿਭਾਗ।
6. 'ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ', ਪੰਨਾ 107.
7. ਡਾ. ਅਤਰ ਸਿੰਘ, 'ਦ੍ਰਿਸ਼ਟੀਕੋਣ', ਪੰਨਾ 120.
8. —It is an outline of the Sikh faith,

   —J. N. Farquhar
   —'An Outlins of the Religious Literature of India' p. 338

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. —These vars were composed between fifty to seventy years after the death of Nanak and in the life-time of many people who know the Guru. particularly Bhai Budha, who was personally known to the author. Bhai Gurdas unfortunately did not use the available knowledge to produce a biograp y, but whatever reference he makes in the vars must be considered authentic

—Khushwant Singh

—'A History of the Sikhs', vol. I, p, 301 (Appendix I).

10. —The Vars of Bhai Gurdas is a better and older source & can well be made the basis for the reconstruction of Guru Nanak's life, There are in the work, no doubt, a few limitations, such as the emotional-involvement of the author, the use of poetry as the medium of expression and presence, though not much, of supernatural element. Even so, it remains the most valuable evidence on the life of the founder of Sikhism

—Dr. Fauja Singh

—The Image of Guru Nanak in the vars of Bhai Gurdas, 'Punjab History Conference', Fourth Session, (March 14-15, 1969). Proceedings (papers on Guru Nanak). p. 69.

11. —His writings, though didactic in character, are of great historical interest

—Dr, Bakhshish Singh Nijjar

–Punjab Under he Great Mughals, P. 172.

12. —It certainly warrants our closest attention because of its relative nearness to the time of Guru Nanak and no treatment of the Janam Sakhis would be complete without it,

—H. W. Mcleod,

—'Guru Nanak and the Sikh Religion. p. 14

13. 'ਜਨਮ ਸਾਖੀਆਂ—ਸਾਹਿੱਤ ਕਿ ਇਤਿਹਾਸ ?' 'ਜਨਮ ਸਾਖੀ ਅਧਿਐਨ', (ਸੰਪ. ਕਿਰਪਾਲ ਸਿੰਘ ਕੋਮਲ), ਪੰਨਾ 65.

14. 'ਪੁਰਾਤਨ ਜਨਮ ਸਾਖੀ', ਪੰਨਾ 184, (ਪਗ-ਟਿੱਪਣੀ) ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

15. 'Travels of Guru Nanak', pp. 21, 140, 144 & 145.

16. —His reform was in its immediate effect religious and moral only, believers were regarded as 'SiKhs' or disciples, not as subject, and it is neither probable, nor is it necessary to suppose, that hė posseesed any clear and sagacious views of social amelioration or of political advancement

—J. D. Cunningham,

—'A History of the Sikhs', p. 41.

17. ਵਾਰ ਮਾਝ ਕੀ ਤਥਾ ਸਲੋਕ, ਮਹਲਾ 1, 'ਗੁਰੂ ਗ੍ਰੰਥ ਸਾਹਿਬ', ਪੰਨਾ 145.

18. ਵਾਰ ਮਲਾਰ ਕੀ, ਮਹਲਾ 1, 'ਉਹੀ', ਪੰਨਾ 1288.

19. ਰਾਮਕਲੀ, ਸਲੋਕ ਮਹਲਾ 1, 'ਉਹੀ', ਪੰਨਾ 951.

20. ਡਾ. ਹਰਿਭਜਨ ਸਿੰਘ, 'ਅਧਿਅਨ ਅਤੇ ਅਧਿਆਪਨ', ਪੰਨਾ 61.

21 —Sword which carved the khalsa's way to glory was undoubtedly forged by Govind, but the steel had been provided by Nanak.

—Sir Gokul Chand Narang.

—'Transformation of Sikhism'. p. 17.

22 —Sikhism retained its peaceful character so long as the state did not interfere end that it was only as a reaction to the martyrdom of Guru Arjan that Hargobind resorted to the policy of armed resistance.

—Indubhushan Banerjee,

—'Evolution of the Khaisa', Vol. I, p. 4 (Introduction).

23. 'ਵਾਰਾਂ ਭਾਈ ਗੁਰਦਾਸ', 'ਸਟੀਕ', ਪੰਨਾ 437.

24. 'ਭਾਈ ਗੁਰਦਾਸ ਜੀ ਦੇ ਰਾਜਸੀ ਵਿਚਾਰ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 122.

25. —Guru Nanak's 'Social Observation' thus appears to be strikingly wide and comprehensive.

—Dr. J. S. Grewal

—'Guru Nanak in History p, 172.

26. —Political lawlessness, social confusion, religious corruption. moral degradation and spiritual slavery were

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

the order of the day,

—Sewa Ram Singh

—'The Devine Master, p. 16,17.

27. —At the time of Nanak's birth, the social political, economic and religious condition of the Punjab, nay of the whole of India was chaotic.

—Dr. Bakhshish Singh Nijjar.

—'Punjab Under the Great Mughals', p. 77.

28. ਡਾ. ਜਯ ਰਾਮ ਮਿਸ੍ਰ, 'ਨਾਨਕ ਬਾਣੀ', ਪੰਨਾ 10.

29. ਡਾ. ਵਿਸ਼ਵਾਨਾਥ ਤਿਵਾੜੀ, 'ਕ੍ਰਾਂਤੀਕਾਰੀ ਗੁਰੂ ਨਾਨਕ', ਪੰਨਾ 53.

30. ਡਾ. ਰਤਨ ਸਿੰਘ ਜੱਗੀ, 'ਗੁਰੂ ਨਾਨਕ ਬਾਣੀ', ਪੰਨਾ 2.

31. —The annals of the period constitute a dark and dismal chapter of Indian History.

Dr. Bakhshish Singh Nijjar,

—'Punjab Under the Great Mughals', p. 77.

32. ਡਾ. ਰਤਨ ਸਿੰਘ ਜੱਗੀ, 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਨਾ 77-78.

33. 'ਆਸਾ ਦੀ ਵਾਰ', ਮਹਲਾ 1, 'ਗੁਰੂ ਗ੍ਰੰਥ ਸਾਹਿਬ', ਪੰਨਾ 473.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਕਲਾ

ਭਾਈ ਗੁਰਦਾਸ ਨੇ ਆਪਣੀ ਕਾਵਿ-ਰਚਨਾ ਲਈ ਪੰਜਾਬੀ ਦੇ ਬੜੇ ਪੁਰਾਣੇ ਤੇ ਲੋਕ ਪ੍ਰਿਯ ਕਾਵਿ-ਰੂਪ—ਵਾਰ—ਨੂੰ ਅਪਣਾਇਆ ਹੈ। ਭਾਈ ਸਾਹਿਬ ਇਕ ਨਿਪੁੰਨ ਵਾਰਕਾਰ ਹਨ ਅਤੇ ਉਨ੍ਹਾਂ ਦੀਆਂ ਵਾਰਾਂ ਦੀ ਰਚਨਾ-ਪ੍ਰਕ੍ਰਿਆ ਵਿਚੋਂ ਉਨ੍ਹਾਂ ਦੀ ਸ੍ਰੇਸ਼ਟ ਕਲਾ-ਕੁਸ਼ਲਤਾ ਦੇ ਦਰਸ਼ਨ ਹੁੰਦੇ ਹਨ।

(ੳ) ਵਾਰ-ਰਚਨਾ ਦੀ ਨਿਪੁੰਨਤਾ :

ਵਾਰ ਦਾ ਆਰੰਭ ਕਿਸੇ ਮੰਗਲਾਚਰਣ ਨਾਲ ਹੁੰਦਾ ਹੈ ਜਿਸ ਵਿਚ ਵਾਰਕਾਰ ਆਪਣੇ ਇਸ਼ਟ ਦੀ ਆਰਾਧਨਾ ਕਰਦਾ ਹੈ। ਭਾਈ ਗੁਰਦਾਸ ਨੇ ਆਪਣੀਆਂ ਕਈ ਵਾਰਾਂ ਮੰਗਲਾ-ਚਰਣ ਨਾਲ ਆਰੰਭ ਕੀਤੀਆਂ ਹਨ। ਪਹਿਲੀ ਵਾਰ ਦੇ ਮੂਲ ਮੰਗਲਾਚਰਣ ਤੋਂ ਇਲਾਵਾ ਦੂਜੀ, ਤੀਜੀ, ਛੇਵੀਂ, ਸਤਵੀਂ, ਅੱਠਵੀਂ, ਅਠਾਰ੍ਹਵੀਂ, ਉਨ੍ਹੀਵੀਂ, ਇੱਕੀਵੀਂ, ਬਾਈਵੀਂ, ਤੇਈਵੀਂ, ਚੌਵੀਵੀਂ, ਛੱਬੀਵੀਂ, ਉਨੱਤੀਵੀਂ, ਸੈਂਤੀਵੀਂ, ਉਨਤਾਲਵੀਂ ਅਤੇ ਚਾਲ੍ਹੀਵੀਂ ਵਾਰ, ਦੇ ਮੰਗਲਾਚਰਣ ਵਿਚ ਪਰਮਾਤਮਾ ਦੀ ਮਹਿਮਾ ਗਾਈ ਗਈ ਹੈ। ਵੀਹਵੀਂ ਵਾਰ ਦੇ ਮੰਗਲਾਚਰਣ ਵਿਚ ਗੁਰੂ-ਵਰਨਣ ਹੈ ਅਤੇ ਪੱਚੀਵੀਂ ਵਾਰ ਵਿਚ ਛੇਵੇਂ ਗੁਰੂ ਦਾ ਮੰਗਲਾ-ਚਰਣ ਵਿਦਮਾਨ ਹੈ। ਤੀਹਵੀਂ ਵਾਰ ਦਾ ਮੰਗਲਾਚਰਣ ਕੂੜ ਉਪਰ ਸੱਚ ਦੀ ਵਿਜੈ ਦੇ ਵਰਨਣ ਦੇ ਰੂਪ ਵਿਚ ਹੈ।

ਸੰਘਰਸ਼ ਅਤੇ ਜਸ ਵਾਰ ਦੇ ਦੋ ਜ਼ਰੂਰੀ ਤੱਤ ਹਨ। ਬੀਰ-ਰਸੀ ਵਾਰਾਂ ਵਿਚ ਸੰਘਰਸ਼ ਯੁੱਧ ਵਿਚ ਸੂਰਬੀਰਾਂ ਦੀ ਆਪਸੀ ਟੱਕਰ ਨਾਲ ਹੁੰਦਾ ਹੈ। ਪਰ ਅਧਿਆਤਮਕ ਵਾਰਾਂ ਵਿਚ ਸੰਘਰਸ਼ ਮਾਨਸਿਕ ਪੱਧਰ ਉੱਤੇ ਹੁੰਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹ ਟੱਕਰਾਓ ਵਿਸ਼ੇਸ਼ ਰੂਪ ਵਿਚ ਮਨਮੁੱਖ ਤੇ ਗੁਰਮੁਖ ਵਿਚਕਾਰ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਵਿਵੇਚਨ ਅਨੁਸਾਰ, "ਭਾਈ ਗੁਰਦਾਸ ਦੀਆਂ ਵਾਰਾਂ ਅਜਿਹੀ ਕਿਸਮ ਦੀਆਂ ਹੀ ਵਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਜਿਥੇ ਗੁਣ, ਅਉਗਣ, ਸੁਖ-ਦੁਖ, ਉਪਕਾਰ-ਅਪਕਾਰ, ਗੁਰਮੁਖ-ਮਨਮੁਖ, ਝੂਠ-ਸੱਚ ਦੇ ਯੁੱਧ ਦਰਸਾਏ ਗਏ ਹਨ" ।[1]

ਵਾਰ ਵਿਚ ਨਾਇਕ ਦਾ ਜਸ ਗਾਇਆ ਜਾਂਦਾ ਹੈ। ਬੀਰ-ਰਸੀ ਵਾਰਾਂ ਵਿਚ ਕਿਸੇ ਯੁਧ ਵਿਚ ਵਿਖਾਈ ਬਹਾਦਰੀ ਲਈ ਸੂਰਬੀਰ ਦਾ ਜਸ ਗਾਇਆ ਜਾਂਦਾ ਹੈ। ਅਧਿਆਤਮਕ ਵਾਰਾਂ ਦਾ ਨਾਇਕ ਧਰਮ-ਬੀਰ ਹੁੰਦਾ ਹੈ। ਡਾ. ਕਾਲਾ ਸਿੰਘ ਬੇਦੀ ਦੇ ਕਥਨ ਅਨੁਸਾਰ, "ਗੁਰਮੁਖ ਅਧਿਆਤਮਕ ਵਾਰਾਂ ਦਾ ਨਾਇਕ ਹੈ ਅਤੇ ਮਨਮੁਖ ਖਲਨਾਇਕ ਹੈ। ਗੁਰਮੁਖ ਮਨਮੁਖ ਉਪਰ ਜਿੱਤ ਪ੍ਰਾਪਤ ਕਰਦਾ ਹੈ। ਅਧਿਆਤਮਕ ਵਾਰਾਂ ਵਿਚ ਗੁਰਮੁਖ ਤੇ ਮਨਮੁਖ ਦੀ ਲੜਾਈ ਹੈ ਜਾਂ ਨੇਕੀਆਂ ਅਤੇ ਬਦੀਆਂ ਵਿਚਕਾਰ ਸੰਘਰਸ਼ ਹੈ, ਨੇਕੀਆਂ ਦਾ ਪ੍ਰਤੀਕ ਗੁਰਮੁਖ ਤੇ ਬਦੀਆਂ ਦਾ ਪ੍ਰਤੀਕ ਮਨਮੁਖ ਹੈ, ਸੋ ਨੇਕੀਆਂ ਦੀ ਬਦੀਆਂ ਉਪਰ ਜਿੱਤ ਹੁੰਦੀ ਹੈ ਅਤੇ ਇਹ ਜਿੱਤ ਮਨਮੁਖ ਉਪਰ ਗੁਰਮੁਖ ਦੀ ਫ਼ਤਹਿ ਹੈ। ਇਸ ਲਈ ਅਧਿਆਤਮਕ ਵਾਰਾਂ ਦਾ ਨਾਇਕ ਗੁਰਮੁਖ ਹੈ" ।[2] ਅਧਿਆਤਮਕ ਵਾਰਾਂ ਦੀ ਇਸ ਪਰੰਪਰਾ ਦੇ ਅਨੁਸਾਰ ਭਾਈ ਗੁਰਦਾਸ ਦੀਆਂ ਵਾਰਾਂ ਦਾ ਨਾਇਕ ਪ੍ਰਮੁੱਖ ਰੂਪ ਵਿਚ ਗੁਰਮੁਖ ਹੀ ਹੈ ਅਤੇ ਉਸ ਦਾ ਸੰਘਰਸ਼ ਮਨਮੁਖ ਨਾਲ ਹੈ, ਜੋ ਖਲਨਾਇਕ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰਮੁਖ ਦਾ ਜਸ ਹੀ ਸਰਵ-ਪ੍ਰਧਾਨ ਹੈ।

(ਅ) ਛੰਦ-ਪ੍ਰਬੰਧ :

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਨਿਸ਼ਾਨੀ ਤੇ ਹੰਸਗਤਿ ਛੰਦ ਦਾ ਪ੍ਰਯੋਗ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ ਪਉੜੀ ਦੇ 30 ਰੂਪਾਂ ਦਾ ਵਿਵਰਣ ਦਿੱਤਾ ਹੈ, ਜਿਸ ਵਿਚ ਭਾਈ ਗੁਰਦਾਸ ਦੀਆਂ ਪਉੜੀਆਂ ਵਿਚ ਵਰਤੇ ਗਏ ਵਿਭਿੰਨ ਰੂਪਾਂ ਦਾ ਵੇਰਵਾ ਵੀ ਮਿਲਦਾ ਹੈ।[3] ਡਾ. ਸੁਰਿੰਦਰ ਸਿੰਘ ਕੋਹਲੀ ਵੱਲੋਂ ਕੀਤੇ ਗਏ ਵਰਗੀਕਰਣ ਦੇ ਅਨੁਸਾਰ ਭਾਈ ਗੁਰਦਾਸ ਦੀਆਂ ਪਉੜੀਆਂ ਵਿਚ ਵਰਤੇ ਗਏ ਛੰਦਾਂ ਨੂੰ ਮਾਤ੍ਰਾ ਦੇ ਆਧਾਰ 'ਤੇ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ—(1) ਉਨੱਤੀ ਮਾਤ੍ਰਾਂ (13-16) ਦਾ ਛੰਦ, (2) ਤੇਈ ਮਾਤ੍ਰਾਂ (13-10) ਦਾ ਛੰਦ, ਅਤੇ ਵੀਹ ਮਾਤ੍ਰਾਂ (11-9) ਦਾ ਛੰਦ।[4] ਭਾਈ ਗੁਰਦਾਸ ਨੇ ਅਧਿਕਤਰ ਨਿਸ਼ਾਨੀ ਛੰਦ ਦੇ ਉਪਰੋਕਤ ਤਿੰਨਾਂ ਰੂਪਾਂ ਦੀ ਵਰਤੋਂ ਹੀ ਕੀਤੀ ਹੈ ਪਰ ਉਨ੍ਹਾਂ ਨੇ ਮਾਤ੍ਰਾਂ ਦੀ ਗਿਣਤੀ ਵਿਚ ਕੁਝ ਖੁੱਲ੍ਹ ਲਈ ਹੈ। ਪਉੜੀ ਦੀਆਂ ਤੁਕਾਂ ਦੀ ਗਿਣਤੀ ਵੀ ਉਸ ਨੇ ਵੱਧ ਘੱਟ ਕੀਤੀ ਹੈ ਪਰ ਇਕੋ ਵਾਰ ਵਿਚ ਸਾਰੀਆਂ ਪਉੜੀਆਂ ਦੀਆਂ ਤੁਕਾਂ ਦੀ ਗਿਣਤੀ ਲਗਪਗ ਬਰਾਬਰ ਹੈ। ਗੁਰੂ ਸਾਹਿਬਾਨ ਦੁਆਰਾ ਰਚਿਤ ਵਾਰਾਂ ਦੀ ਪਰੰਪਰਾ ਅਨੁਸਾਰ ਭਾਈ ਗੁਰਦਾਸ ਨੇ ਵਧੇਰੇ ਪਉੜੀਆਂ ਵਿਚ ਅੰਤਿਮ ਤੁਕ ਅੱਧੀ ਹੀ ਰੱਖੀ ਹੈ, ਜਿਸ ਦਾ ਬੜਾ ਮਹੱਤਵ ਹੈ ਕਿਉਂਕਿ ਇਸ ਅੱਧੀ ਤੁਕ ਵਿਚ ਹੀ ਸਮੁੱਚੀ ਪਉੜੀ ਵਿਚ ਦਿੱਤੇ ਗਏ ਵਿਚਾਰ ਦਾ ਨਿਚੋੜ ਜਾਂ ਸਿੱਟਾ ਦੇ ਦਿੱਤਾ ਹੈ। ਅਜਿਹੀਆਂ ਅਰਧ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੁਕਾਂ ਅਟੱਲ ਸਚਾਈ ਜਾਂ ਅਖਾਉਤਾਂ-ਮੁਹਾਵਰਿਆਂ ਦੇ ਰੂਪ ਵਿਚ ਅਕਸਰ ਮੂੰਹ 'ਤੇ ਚੜ੍ਹ ਜਾਂਦੀਆਂ ਹਨ।

ਭਾਈ ਗੁਰਦਾਸ ਦੇ ਛੰਦ-ਪ੍ਰਬੰਧ ਦੀ ਵਿਸ਼ੇਸ਼ਤਾ ਵਾਰ 3, 14, 19 ਤੇ 22 ਵਿਚ ਵਰਤਿਆ ਗਿਆ ਹੰਸਗਤਿ ਛੰਦ ਹੈ। ਇਸ ਛੰਦ ਵਿਚ ਮੱਧ ਅਤੇ ਅੰਤ ਦੋਹਾਂ ਥਾਵਾਂ 'ਤੇ ਤੁਕਾਂਤ ਮਿਲਦਾ ਹੈ। ਇਹ ਛੰਦ ਸਿਰਖੰਡੀ ਨਾਲ ਮਿਲਦਾ ਜੁਲਦਾ ਹੈ, ਅੰਤਰ ਕੇਵਲ ਮੱਧ ਅਤੇ ਅੰਤ, ਦੋਹਾਂ ਥਾਵਾਂ 'ਤੇ ਤੁਕਾਂਤ ਮੇਲ ਖਾਂਦਾ ਹੈ। ਮੱਧ ਅਤੇ ਅੰਤ ਅਨੁਪ੍ਰਾਸ ਕਵਿਤਾ ਨੂੰ ਰਵਾਨਗੀ ਤੇ ਸੰਗੀਤਕਤਾ ਬਖ਼ਸ਼ਦਾ ਹੈ।

(ੲ) ਭਾਸ਼ਾ ਕੁਸ਼ਲਤਾ :

ਸ਼ਬਦ ਭੰਡਾਰ ਦੀ ਅਮੀਰੀ ਤੇ ਉਸ ਦਾ ਸੁਚੱਜਾ ਪ੍ਰਯੋਗ ਭਾਈ ਗੁਰਦਾਸ ਦੀ ਕਲਾ-ਕੁਸ਼ਲਤਾ ਦਾ ਮਹੱਤਵਪੂਰਨ ਤੱਤ ਹੈ। ਉਨ੍ਹਾਂ ਪਾਸ ਇਕ ਵਿਸ਼ਾਲ ਸ਼ਬਦ-ਭੰਡਾਰ ਸੀ ਅਤੇ ਕਾਵਿ ਦੀ ਸਿਰਜਨ-ਪ੍ਰਕ੍ਰਿਆ ਸਮੇਂ ਇਸ ਦੀ ਸੁਚੱਜੀ ਵਰਤੋਂ ਕਰ ਕੇ ਉਨ੍ਹਾਂ ਨੇ ਆਪਣੀ ਕਾਵਿ-ਰਚਨਾ ਨੂੰ ਸ਼ਿੰਗਾਰਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੀ ਬੋਲੀ ਨੂੰ 'ਦੇਸੀ ਪੰਜਾਬੀ' ਆਖਿਆ ਹੈ।[5] ਇਸ ਪ੍ਰਸੰਗ ਵਿਚ ਡਾ. ਰਤਨ ਸਿੰਘ ਜੱਗੀ ਦਾ ਕਥਨ ਵੀ ਬੜਾ ਸਾਰਥਿਕ ਹੈ ਕਿ ਜੇ 'ਪੁਰਾਤਨ ਸ਼ੁਧ ਪੰਜਾਬੀ ਦਾ ਮਹਾਂਦਰਾ ਵੇਖਣ ਦੀ ਲੋੜ ਪਵੇ ਤਾਂ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਭਿੰਨ ਕਿਤੇ ਹੋਰ ਨਹੀਂ ਮਿਲਦਾ"।[6] ਡਾ. ਸੀਤਾ ਰਾਮ ਬਾਹਰੀ ਦੇ ਕਥਨ ਅਨੁਸਾਰ, 'ਉਹ ਠੇਠ ਪੰਜਾਬੀ, ਜਿਸ ਤੋਂ ਅੱਜ ਦੀ ਸਾਹਿੱਤਕ ਪੰਜਾਬੀ ਦਾ ਨਿਰਮਾਣ ਹੋਇਆ, ਭਾਈ ਗੁਰਦਾਸ ਜੀ ਦੀ ਬਾਣੀ ਵਿਚ ਵਰਤੀ ਗਈ ਹੈ"।[7] ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਠੇਠ ਪੰਜਾਬੀ ਦੀਆਂ ਬੜੀਆਂ ਖ਼ੂਬਸੂਰਤ ਉਦਾਹਰਣਾਂ ਮਿਲ ਜਾਂਦੀਆਂ ਹਨ।

ਅਖਾਉਤਾਂ ਤੇ ਮੁਹਾਵਰਿਆਂ ਦਾ ਸੁਚੱਜਾ ਪ੍ਰਯੋਗ ਭਾਈ ਗੁਰਦਾਸ ਦੀ ਭਾਸ਼ਾ ਦਾ ਸ਼ਿੰਗਾਰ ਹੈ। ਭਾਈ ਗੁਰਦਾਸ ਦੀਆਂ ਕਈ ਤੁਕਾਂ ਹੀ ਅਖਾਉਤਾਂ ਜਾਂ ਮੁਹਾਵਰਿਆਂ ਦਾ ਰੂਪ ਧਾਰਨ ਕਰ ਗਈਆਂ ਹਨ। ਕਈ ਵਾਰ ਤਾਂ ਉਹ ਇਕੋ ਪਉੜੀ ਵਿਚ ਹੀ ਅਖਾਉਤਾਂ-ਮੁਹਾਵਰਿਆਂ ਦੀ ਬੜੀ ਸੁੰਦਰ ਲੜੀ ਪਰੋ ਦਿੰਦੇ ਹਨ, ਜਿਵੇਂ :

ਆਪ ਨ ਵੰਞੈ ਸਾਹੁਰੈ ਸਿਖ ਲੋਕ ਸੁਣਾਵੈ।
ਕੰਤੁ ਨਾ ਪੁਛੈ ਵਾਤੜੀ ਸੁਹਾਗੁ ਗਣਾਵੈ।
ਚੂਹਾ ਖਡ ਨਾ ਮਾਵਈ ਲਕਿ ਛਜੁ ਵਲਾਵੈ।
ਮੰਤੁ ਨ ਹੋਇ ਅਠੂਹਿਆਂ ਹਥੁ ਸੱਪੀਂ ਪਾਵੈ। 34/3

ਪੰਜਾਬੀ ਵਿਚ ਕੋਈ ਕਵੀ ਭਾਈ ਗੁਰਦਾਸ ਵਾਂਗ ਅਖਾਉਤਾਂ-ਮੁਹਾਵਰਿਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਯੋਗ ਨਹੀਂ ਕਰ ਸਕਿਆ । ਇਸ ਪੱਖੋਂ ਵਾਰਿਸ ਸ਼ਾਹ ਵੀ ਭਾਈ ਗੁਰਦਾਸ ਤੋਂ ਪਿੱਛੇ ਹੈ । ਭਾਈ ਗੁਰਦਾਸ ਦੀ ਪੰਜਾਬੀ ਠੇਠ, ਮੁਹਾਵਰੇਦਾਰ ਅਤੇ ਪ੍ਰਭਾਵਸ਼ਾਲੀ ਹੈ । ਉਹ ਪੰਜਾਬੀ ਭਾਸ਼ਾ ਦੇ ਮਹਾਂਰਥੀ ਹਨ ਜਿਨ੍ਹਾਂ ਨੇ ਪੰਜਾਬੀ ਨੂੰ ਨਵੀਆਂ ਲੀਹਾਂ 'ਤੇ ਤੋਰਿਆ ।

ਭਾਈ ਗੁਰਦਾਸ ਨੇ ਪੰਜਾਬੀ ਤੋਂ ਇਲਾਵਾ ਸੰਸਕ੍ਰਿਤ, ਫ਼ਾਰਸੀ, ਬ੍ਰਜ ਤੇ ਸੰਤ-ਭਾਸ਼ਾ ਦੀ ਸ਼ਬਦਾਵਲੀ ਨੂੰ ਬੜੇ ਸੁਚੱਜੇ ਢੰਗ ਨਾਲ ਆਪਣੀ ਕਾਵਿ-ਰਚਨਾ ਵਿਚ ਵਰਤਿਆ ਹੈ। ਭਾਸ਼ਾ ਦੀ ਵੰਨ-ਸਵੰਨਤਾ ਦੇ ਪੱਖੋਂ ਵੀ ਕੋਈ ਭਾਈ ਗੁਰਦਾਸ ਦਾ ਸਾਨੀ ਨਹੀਂ । ਭਾਈ ਗੁਰਦਾਸ ਦੀ ਵਿਸ਼ੇਸ਼ਤਾ ਇਹ ਵੀ ਰਹੀ ਹੈ ਕਿ ਉਨ੍ਹਾਂ ਨੇ ਸ਼ਬਦਾਵਲੀ ਦੀ ਵਰਤੋਂ ਵਿਸ਼ੇ ਤੇ ਪ੍ਰਸੰਗ ਅਨੁਸਾਰ ਕੀਤੀ ਹੈ । ਜੇ ਹਿੰਦੂ ਸਭਿਆਚਾਰ ਨਾਲ ਸੰਬੰਧ ਰੱਖਦੀ ਕਿਸੇ ਗੱਲ ਦਾ ਚਿਤ੍ਰਣ ਕੀਤਾ ਹੈ ਤਾਂ ਸੰਸਕ੍ਰਿਤ ਦੀ ਸ਼ਬਦਾਵਲੀ ਦੀ ਪ੍ਰਧਾਨਤਾ ਹੋ ਗਈ ਹੈ, ਅਤੇ ਜੇ ਮੁਸਲਮਾਨੀ ਧਰਮ ਨਾਲ ਸੰਬੰਧਿਤ ਕਿਸੇ ਮਸਲੇ ਨੂੰ ਲਿਆ ਹੈ ਤਾਂ ਅਰਬੀ ਤੇ ਫ਼ਾਰਸੀ ਦੇ ਸ਼ਬਦਾਂ ਨੇ ਆਪਣਾ ਅਧਿਕਾਰ ਜਮਾ ਲਿਆ ਹੈ ।[8] ਡਾ. ਰਤਨ ਸਿੰਘ ਜੱਗੀ ਦੇ ਵਿਸ਼ਲੇਸ਼ਣ ਅਨੁਸਾਰ, "ਭਾਈ ਗੁਰਦਾਸ ਦੀਆਂ 40 ਵਾਰਾਂ ਵਿਚ ਕੁਲ 913 ਪਉੜੀਆਂ,6,444 ਪੰਕਤੀਆਂ ਅਤੇ 46,166 ਸ਼ਬਦ ਵਰਤੇ ਗਏ ਹਨ । ਇਨ੍ਹਾਂ ਵਿਚੋਂ ਮੂਲ ਅਤੇ ਵਿਕਾਰੀ ਕੁਲ ਸ਼ਬਦਾਂ ਦੀ ਗਿਣਤੀ 10 630 ਹੈ । ਇਤਨੇ ਵਿਸ਼ਾਲ ਸ਼ਬਦ-ਕੋਸ਼ ਵਾਲਾ ਕਵੀ ਕੋਈ ਵਿਰਲਾ ਹੀ ਹੋ ਸਕਦਾ ਹੈ । ਉਨ੍ਹਾਂ ਦੇ ਕੁਲ ਮੂਲ ਸ਼ਬਦਾਂ ਵਿਚੋਂ, ਜਿਨ੍ਹਾਂ ਦੀ ਸੰਖਿਆ 4,050 ਹੈ, 60 ਪ੍ਰਤੀਸ਼ਤ ਸ਼ਬਦਾਂ ਦਾ ਸੰਬੰਧ ਭਾਰਤੀ ਵਿਰਸੇ ਨਾਲ ਹੈ ਅਤੇ 17 ਪ੍ਰਤੀਸ਼ਤ ਦਾ ਸਾਮੀ ਭਾਸ਼ਾਵਾਂ ਨਾਲ । ਬਾਕੀ ਦੇ ਸ਼ਬਦ ਦੇਸੀ ਹਨ" ।[9]

(ਸ) ਰਸ ਸੰਚਾਰ :

ਕਵਿਤਾ ਵਿਚ ਕਾਵਿ-ਰਸ ਦਾ ਹੋਣਾ ਆਵੱਸ਼ਕ ਹੈ । "ਰਸ ਸਿਧਾਂਤ ਦੇ ਅਨੁਸਾਰ ਉੱਤਮ ਕਾਵਿ ਦੀ ਨਿਸ਼ਾਨੀ ਉਸ ਦੇ ਰਸਾਤਮਕ ਪ੍ਰਭਾਵ ਤੋਂ ਹੈ ਜਿਹੜਾ ਪ੍ਰਭਾਵ ਕੋਈ ਖ਼ਾਸ ਕਾਵਿ-ਰਚਨਾ ਪਾਠਕ ਦਰਸ਼ਕ (ਸਮਾਜਿਕ) ਦੇ ਮਨ ਵਿਚੋਂ ਪ੍ਰਬੁੱਧ ਕਰਦੀ ਹੈ । ਰਸ ਹੀ ਕਾਵਿ ਦਾ ਕੇਂਦਰ ਹੈ, ਇਹੋ ਹੀ ਕਾਵਿ ਦੀ ਆਤਮਾ ਹੈ ਅਤੇ ਰਸ ਹੀ ਕਾਵਿ ਦਾ ਲਕਸ਼ ਹੈ ।"[10] ਰਾਮ ਦਹਨ ਮਿਸ਼੍ਰ ਦਾ ਵਿਚਾਰ ਹੈ ਕਿ "ਸ਼ਬਦ ਤੇ ਅਰਥ ਕਵਿਤਾ ਦਾ ਸਰੀਰ ਹਨ ਅਤੇ ਰਸ ਪ੍ਰਾਣ-ਰਸ ਤੋਂ ਬਿਨਾਂ ਰਚਨਾ ਕਵਿਤਾ ਅਖਵਾਉਣ ਦੀ ਹੱਕਦਾਰ ਨਹੀਂ" ।[11] ਨਾਟਯ ਸ਼ਾਸਤ੍ਰ ਦੇ ਲੇਖਕ ਭਰਤ ਮੁਨੀ ਦੇ ਕਥਨ ਅਨੁਸਾਰ ਵਿਭਾਵ, ਅਨੁਭਵ ਅਤੇ ਸੰਚਾਰੀ ਭਾਵ ਦੇ ਸਹਿਯੋਗ ਤੋਂ ਰਸ ਦੀ ਉਤਪਤੀ ਹੁੰਦੀ ਹੈ ।[12] ਵਾਰਾਂ ਵਿਚ ਤਾਂ ਕਾਵਿ-ਰਸ ਦੀ ਉਤਪਤੀ ਹੋਰ ਵੀ ਆਵਸ਼ਕ ਹੈ । ਬੀਰ-ਰਸੀ ਵਾਰਾਂ, ਜਿਨ੍ਹਾਂ ਵਿਚ ਯੁਧ ਦਾ ਵਰਣਨ ਹੁੰਦਾ ਹੈ, ਵਿਚ ਬੀਰ-ਰਸ ਦੀ ਪ੍ਰਧਾਨਤਾ ਹੁੰਦੀ ਹੈ ਪਰ ਅਧਿਆਤਮਕ ਵਾਰਾਂ ਵਿਚ ਸ਼ਾਂਤ ਰਸ ਵਧੇਰੇ ਹੁੰਦਾ ਹੈ । ਦੋਹਾਂ ਵਰਗਾਂ ਦੀਆਂ ਵਾਰਾਂ ਵਿਚ ਸ਼ਿੰਗਾਰ ਤੇ ਹੋਰ ਰਸ ਅਧੀਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਵਿਚ ਵਿਦਮਾਨ ਹੁੰਦੇ ਹਨ। ਆਮ ਤੌਰ 'ਤੇ ਕਵਿਤਾ ਦੇ ਨੌਂ ਰਸ ਮੰਨੇ ਜਾਂਦੇ ਹਨ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹ ਸਾਰੇ ਕਾਵਿ-ਰਸ ਵਿਦਮਾਨ ਹਨ ਪਰ ਸ਼ਿੰਗਾਰ ਰਸ ਤੇ ਸ਼ਾਂਤ ਰਸ ਦੀ ਪ੍ਰਧਾਨਤਾ ਹੈ।

ਸ਼ਿੰਗਾਰ ਰਸ : ਪ੍ਰੇਮ (ਰਤਿ) ਸ਼ਿੰਗਾਰ ਰਸ ਦਾ ਸਥਾਈ ਭਾਵ ਹੈ। ਜਦ ਭਾਈ ਸਾਹਿਬ ਪੀਰ ਤੇ ਮੁਰੀਦ, ਗੁਰੂ ਤੇ ਸਿੱਖ, ਆਤਮਾ ਤੇ ਪਰਮਾਤਮਾ ਦੀ ਅਨੂਠੀ ਪ੍ਰੀਤ ਦਾ ਗਾਇਨ ਕਰਦੇ ਹਨ ਤਾਂ ਇਨ੍ਹਾਂ ਰਾਗਾਤਮਕ ਸੰਬੰਧਾਂ ਦੀ ਅਭਿਵਿਅਕਤੀ ਵਿਚੋਂ ਸ਼ਿੰਗਾਰ ਰਸ ਆਪ ਮੁਹਾਰੇ ਫੁੱਟ ਪੈਂਦਾ ਹੈ, ਜਿਵੇਂ :

ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ।
ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ।
ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।
ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ੍ਰ ਮਿਲੰਦਾ।
ਆਪੇ ਆਪਿ ਵਰਤਦਾ ਗੁਰਮੁਖਿ ਪਰਚੰਦਾ। 2/17

ਅਜਿਹੇ ਅਨੂਪਮ ਪ੍ਰੀਤ-ਸੰਬੰਧਾਂ ਨੂੰ ਭਾਈ ਗੁਰਦਾਸ ਨੇ 27ਵੀਂ ਵਾਰ ਦੀ ਤੀਜੀ ਤੋਂ ਛੇਵੀਂ ਪਉੜੀ ਤੱਕ ਅਨੇਕਾਂ ਦ੍ਰਿਸ਼ਟਾਂਤ ਦੇ ਕੇ ਬੜੀ ਉੱਤਮ ਸ਼ਿੰਗਾਰਮਈ ਕਾਵਿ-ਸ਼ੈਲੀ ਦੁਆਰਾ ਪ੍ਰਗਟ ਕੀਤਾ ਹੈ।

ਸ਼ਾਂਤ ਰਸ : ਸ਼ਾਂਤ ਰਸ ਦਾ ਸਥਾਈ ਭਾਵ ਵੈਰਾਗ ਹੈ ਜੋ ਉਪਰਾਮਤਾ ਤੋਂ ਉਪਜਦਾ ਹੈ। ਮਨੁੱਖ ਇਸ ਸੰਸਾਰ ਵਿਚ ਰਹਿੰਦਿਆਂ ਅਨੇਕਾਂ ਇੰਦ੍ਰਿਆਈ ਭੋਗ ਭੋਗਦਾ ਹੈ ਪਰ ਫਿਰ ਵੀ ਸੰਤੁਸ਼ਟ ਨਹੀਂ ਹੁੰਦਾ। ਜ਼ਿੰਦਗੀ ਦੇ ਸਾਰੇ ਭਰਵਾਸੇ ਝੂਠੇ ਹਨ। ਭਾਈ ਗੁਰਦਾਸ ਅਨੁਸਾਰ :

ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੇ ਹਾਸੇ।
ਸਾਦੀ ਜੀਭ ਨਾ ਰਜੀਆ ਕਰਿ ਭੋਗ ਬਿਲਾਸੇ।
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।
ਪੀਰ ਮੁਰੀਦਾ ਪਿਰਹੜੀ ਸੱਚੀ ਰਹੁਰਾਸੇ।27/9

ਇਨ੍ਹਾਂ ਸਤਰਾਂ ਵਿਚ ਸ਼ਾਂਤ ਰਸ ਕਾਫ਼ੀ ਮਾਤ੍ਰਾ ਵਿਚ ਵਿਦਮਾਨ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀ 37ਵੀ ਵਾਰ ਦੀ 7ਵੀਂ ਤੇ 26ਵੀਂ ਪਉੜੀ ਵਿਚ ਮਨੁੱਖੀ ਜਨਮ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ-ਜਾਲ ਵਿਚ ਫਸ ਕੇ ਅਮੋਲਕ ਜਨਮ ਜੁਆਰੀਏ ਵਾਂਗ ਹਾਰਨ ਦਾ ਵਰਨਣ ਵੀ ਸ਼ਾਂਤ ਰਸ ਦਾ ਸ੍ਰੋਤ ਹੈ। ਏਸੇ ਤਰ੍ਹਾਂ ਗੁਰਮੁਖਾਂ ਦਾ ਸੰਸਾਰ ਵਿਚ ਰਹਿ ਕੇ ਇਸ ਤੋਂ ਨਿਰਲੇਪ ਰਹਿਣਾ 15/21) ਵੀ ਸ਼ਾਂਤ ਰਸ ਉਪਜਾਉਂਦਾ ਹੈ। ਭਾਈ ਗੁਰਦਾਸ ਦੀ 19ਵੀਂ ਵਾਰ ਦੀ ਤੀਜੀ ਤੋਂ ਅੱਠਵੀਂ ਪਉੜੀ ਤੱਕ ਸੰਸਾਰ ਦੀ ਨਾਸ਼ਮਾਨਤਾ ਸੰਬੰਧੀ ਅੰਕਿਤ ਵਿਚਾਰ ਵੀ ਸ਼ਾਂਤ ਰਸ ਉਪਜਾਉਂਦੇ ਹਨ। ਪਰਮਾਤਮਾ ਦੇ ਸਿਮਰਨ ਸੰਬੰਧੀ ਵਿਚਾਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਥਾਂ ਥਾਂ ਮਿਲਦੇ ਹਨ ਜੋ ਸ਼ਾਂਤ ਰਸ ਦਾ ਸ੍ਰੋਤ ਹਨ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਗਊ-ਗਰੀਬ ਉਪਰ ਹੋ ਰਹੇ ਜ਼ੁਲਮ ਦਾ ਭਾਈ ਗਰਦਾਸ ਦੀ ਕਾਵਿ-ਰਚਨਾ ਵਿਚ ਕੀਤਾ ਗਿਆ ਵਰਨਣ **ਕਰੁਣਾ ਰਸ** ਨਾਲ ਭਰਪੂਰ ਹੈ, (1/20, 1/24)। ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਜੀ ਨੂੰ ਧਰਮ-ਬੀਰ ਦੇ ਰੂਪ ਵਿਚ ਚਿਤ੍ਰਿਆ ਹੈ। ਧਰਤੀ ਉਤੇ ਪਸਰੇ ਪਾਪ ਅਤੇ ਜ਼ੁਲਮ ਦਾ ਨਾਸ਼ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਅਤੇ 'ਧਰਤ ਲੁਕਾਈ ਸੋਧਣ' ਲਈ ਉਨ੍ਹਾਂ ਦੀ ਚੜ੍ਹਤ ਦਾ ਉਤਸ਼ਾਹ-ਭਰਪੂਰ ਵਰਨਣ **ਬੀਰ-ਰਸ** ਉਪਜਾਉਣ ਵਿਚ ਪੂਰਨ ਭਾਂਤ ਸਹਾਈ ਹੋਇਆ ਹੈ, (1/27, 1/34)। ਸਿਧਾਂ ਨਾਲ ਗੋਸ਼ਟੀ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਸਿਧਾਂ ਦੇ ਭੇਖਾਂ 'ਤੇ ਬੜਾ ਕ੍ਰੋਧ ਆਉਂਦਾ ਹੈ ਅਤੇ ਇਸ ਦਾ ਵਰਨਣ **ਰੌਦਰ ਰਸ** ਉਪਜਾਉਂਦਾ ਹੈ, (1/40)। ਇਸੇ ਤਰ੍ਹਾਂ ਮੀਣਿਆਂ ਦੀਆਂ ਗੁਰੂ-ਘਰ ਵਿਰੋਧੀ ਹਰਕਤਾਂ ਨੂੰ ਵੇਖ ਕੇ ਭਾਈ ਗੁਰਦਾਸ ਦੇ ਮਨ ਵਿਚ ਭਾਰੀ ਕ੍ਰੋਧ ਜਾਗਿਆ ਹੈ ਜਿਸ ਦੀ ਅਭਿਵਿਅਕਤੀ, ਜੋ ਛੱਤੀਵੀਂ ਵਾਰ ਦੀ ਪਉੜੀ 4, 5 ਤੇ 8 ਵਿਚ ਵਿਸ਼ੇਸ਼ ਤੌਰ 'ਤੇ ਕੀਤੀ ਹੈ, ਵਿਚੋਂ ਵੀ ਰੌਦਰ ਰਸ ਦੀ ਉਤਪਤੀ ਹੋਈ ਹੈ। ਇਸ ਤੋਂ ਇਲਾਵਾ ਮੂਰਖ ਟੱਬਰ (32/19), ਨੀਮ ਹਕੀਮ (32/16), ਗਾਂਗੇ ਤੇਲੀ ਤੇ ਪੰਡਿਤ ਦੀ ਗੋਸ਼ਟਿ (32/18) ਆਦਿ ਕਥਾਵਾਂ ਤੋਂ ਇਲਾਵਾ ਮੂਰਖ ਦੀ ਪ੍ਰਵ੍ਰਿਤੀ (34/11) ਦਾ ਵਰਨਣ ਵੀ ਹਾਸ ਰਸ ਦਾ ਸ੍ਰੋਤ ਹੈ। ਨਿੰਦਕ ਦੀ ਨਜ਼ਰ ਕਿੰਨੀ ਬੁਰੀ ਹੈ—ਇਸ ਭਾਵ ਨੂੰ ਰੂਪਮਾਨ ਕਰਨ ਲਈ ਭਾਈ ਗੁਰਦਾਸ ਨੇ ਇਕ ਅਤਿ ਘਿਨੌਣਾ ਚਿਤ੍ਰ ਪੇਸ਼ ਕੀਤਾ ਹੈ ਜੋ **ਵੀਭਤਸ ਰਸ** ਨਾਲ ਭਰਪੂਰ ਹੈ (35/9)। ਇਸੇ ਤਰ੍ਹਾਂ ਅੰਬਰ ਦੇ ਵਰਨਣ ਦੁਆਰਾ ਕੁਦਰਤ ਦੇ ਕਾਦਰ ਦੀ ਵਿਸ਼ਾਲਤਾ (7/18), ਪਰਮਾਤਮਾ ਦੀ ਸਰਬ-ਵਿਆਪਕਤਾ (18/8) ਅਤੇ ਸ੍ਰਿਸ਼ਟੀ ਰਚਨਾ (37/1) ਸੰਬੰਧੀ ਪ੍ਰਗਟ ਵਿਚਾਰ **ਅਦਭੁਤ ਰਸ** ਨਾਲ ਭਰਪੂਰ ਹਨ। ਭਾਈ ਗੁਰਦਾਸ ਨੇ ਮਾਇਆਧਾਰੀ ਲੋਕਾਂ ਦਾ ਡਰਾਉਣਾ ਰੂਪ (21/24) ਪੇਸ਼ ਕੀਤਾ ਹੈ ਜਿਸ ਤੋਂ **ਭਿਆਨਕ ਰਸ** ਉਤਪਨ ਹੁੰਦਾ ਹੈ।

(ਹ) ਅਲੰਕਾਰ ਯੋਜਨਾ :

ਅਲੰਕਾਰ ਕਾਵਿ-ਸ਼ੈਲੀ ਨੂੰ ਸੁਹਜ-ਭਰਪੂਰ ਬਣਾ ਕੇ ਕਵਿਤਾ ਦੀ ਸ਼ੋਭਾ ਵਧਾਉਂਦੇ ਹਨ। ਭਾਰਤੀ ਸਮੀਖਿਆ ਵਿਚ ਅਲੰਕਾਰ ਪ੍ਰਣਾਲੀ ਦਾ ਬੜਾ ਮਹੱਤਵ ਹੈ। ਅਲੰਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਕਵੀ ਦੀ ਕਲਪਨਾ ਦਾ ਸਿੱਟਾ ਹੁੰਦੇ ਹਨ ਅਤੇ ਕਿਸੇ ਕਵਿਤਾ ਦੀ ਆਲੰਕਾਰ-ਯੋਜਨਾ ਤੋਂ ਹੀ ਉਸ ਦੇ ਸਿਰਜਕ ਕਵੀ ਦੀ ਕਾਵਿ-ਪ੍ਰਤਿਭਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਕਥਨ ਅਨੁਸਾਰ, "ਅਲੰਕਾਰਵਾਦੀ ਆਲੋਚਕ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ 'ਕਾਵਿ ਦੀ ਆਤਮਾ' ਅਲੰਕਾਰ ਹੀ ਹੈ। ਅਲੰਕਾਰਾਂ ਤੋਂ ਬੁੱਚੀ ਕਵਿਤਾ ਕਵਿਤਾ ਨਹੀਂ ਹੋ ਸਕਦੀ। ਅਲੰਕਾਰ ਹੀ ਕਿਸੇ ਕਾਵਿ ਦੇ ਸੁਹਜ ਦਾ ਮੂਲ ਥੰਮ ਹੈ।... ਅਲੰਕਾਰ ਕਵੀ ਦੀ ਪ੍ਰਤਿਭਾ ਦੇ ਸੁਹਜ-ਸੁੰਦਰ ਫਲ ਹੁੰਦੇ ਹਨ"।[13]

ਭਾਈ ਗੁਰਦਾਸ ਦੀ ਕਾਵਿ-ਰਚਨਾ ਬੜੇ ਖ਼ੂਬਸੂਰਤ ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੈ। ਉਨ੍ਹਾਂ ਜਿੰਨੇ ਅਲੰਕਾਰ, ਆਦਿ ਗ੍ਰੰਥ ਤੋਂ ਬਿਨਾਂ, ਹੋਰ ਕਿਸੇ ਕਾਵਿ-ਰਚਨਾ ਵਿਚ ਨਹੀਂ ਮਿਲਦੇ। "ਨਿਰਾ ਕਲਪਨਾਮਈ ਅਲੰਕਾਰਾਂ ਦੇ ਨਾਪ ਤੋਲ ਨਾਲ ਪਰਖਿਆ ਜਾਵੇ ਤਾਂ ਸ਼ਾਇਦ ਉਹ ਦੁਨੀਆਂ ਦਾ ਸਭ ਤੋਂ ਵੱਡਾ ਕਵੀ ਹੈ"।[14] ਭਾਈ ਗੁਰਦਾਸ ਦੀ ਅਲੰਕਾਰ-ਯੋਜਨਾਂ ਨੂੰ ਦੋ ਵਰਗਾਂ—ਸ਼ਬਦ ਅਲੰਕਾਰ ਤੇ ਅਰਥ ਅਲੰਕਾਰ—ਵਿਚ ਵੰਡ ਕੇ ਉਸ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਜਦ ਕਿਸੇ ਕਾਵਿ-ਰਚਨਾ ਦੇ ਸ਼ਬਦਾਂ ਦੀ ਜੜ੍ਹਤ ਸੁਹਜ ਅਥਵਾ ਚਮਤਕਾਰ ਪੈਦਾ ਕਰੇ ਤਾਂ ਸ਼ਬਦ ਅਲੰਕਾਰ ਦੀ ਉਤਪਤੀ ਹੁੰਦੀ ਹੈ। ਭਾਈ ਗੁਰਦਾਸ ਨੇ ਆਪਣੀ ਕਾਵਿ-ਰਚਨਾ ਨੂੰ ਸ਼ਬਦਾਂ ਦੀ ਅਦੁਤੀ ਜੜ੍ਹਤ ਦੁਆਰਾ ਅਲੰਕ੍ਰਿਤ ਕੀਤਾ ਹੈ ਜੋ ਵਿਸ਼ੇਸ਼ ਤੌਰ 'ਤੇ 'ਅਨੁਪ੍ਰਾਸ' ਦੇ ਰੂਪ ਵਿਚ ਪ੍ਰਗਟ ਹੋਈ ਹੈ।

ਅਨੁਪ੍ਰਾਸ : ਜਦ ਕਵਿਤਾ ਦੀ ਕਿਸੇ ਪੰਕਤੀ ਵਿਚ ਅੱਖਰਾਂ ਦੀ ਸਮਾਨਤਾ ਜਾਂ ਪਦਾਂ ਦਾ ਵਜਨ ਅਨੇਕ ਵਾਰ ਵਾਕ ਵਿਚ ਤੁਲ ਹੋਵੇ ਤਾਂ ਅਨੁਪ੍ਰਾਸ ਹੁੰਦਾ ਹੈ, ਜਿਵੇਂ :

ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿ ਗੁਰੁ ਗੋਬਿੰਦੁ ਸਦਾਇਆ। 24/5

ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਅਨੁਪ੍ਰਾਸ ਵਿਆਪਕ ਮਾਤ੍ਰਾ ਵਿਚ ਵਿਦਮਾਨ ਹੈ ਜੋ ਕਵਿਤਾ ਨੂੰ ਸੰਗੀਤਕਤਾ ਪ੍ਰਦਾਨ ਕਰਦਾ ਹੈ।

ਸ਼ਬਦ ਅਲੰਕਾਰ ਦੇ ਕੁਝ ਹੋਰ ਭੇਦ ਸਮ (5/4) ਵੀਪਸਾ (12/1) ਆਦਿ ਵੀ ਉਨ੍ਹਾਂ ਦੀਆਂ ਵਾਰਾਂ ਵਿਚ ਵਿਦਮਾਨ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਨਿਰਾ ਸ਼ਬਦਾਂ ਦਾ ਚਮਤਕਾਰ ਤੇ ਸੁਹਜ ਹੀ ਨਹੀਂ, ਅਰਥਾਂ ਦੀ ਖ਼ੂਬਸੂਰਤੀ ਵੀ ਹੈ ਜੋ ਅਰਥ ਅਲੰਕਾਰ ਦੇ ਰੂਪ ਵਿਚ ਪ੍ਰਗਟ ਹੋਈ ਹੈ। ਅਰਥ ਅਲੰਕਾਰ ਦੇ ਪ੍ਰਮੁਖ ਭੇਦ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ ਹਨ ਜਿਨ੍ਹਾਂ ਦਾ ਵਿਵੇਚਣ ਭਾਈ ਗੁਰਦਾਸ ਦੀ ਕਾਵਿ-ਰਚਨਾ ਦੇ ਪ੍ਰਕਰਣ ਵਿਚ ਅਸੀਂ ਅੱਗੇ ਕਰ ਰਹੇ ਹਾਂ।

ਉਪਮਾ : ਉਪਮਾ ਅਰਥ ਅਲੰਕਾਰ ਦਾ ਉਹ ਭੇਦ ਹੈ ਜਿਸ ਵਿਚ ਉਪਮੇਯ ਅਤੇ ਉਪਮਾਨ ਵਿਚਕਾਰ ਕਿਸੇ ਸਾਂਝੇ ਧਰਮ ਦੀ ਸਮਤਾ ਅਰਥਾਤ ਗੁਣ ਦਾ ਵਰਨਣ ਕੀਤਾ ਜਾਂਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਉਪਮਾ ਦੀਆਂ ਕੁਝ ਖ਼ੂਬਸੂਰਤ ਉਦਾਹਰਣਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦੀਆਂ ਹਨ, ਜਿਵੇਂ :

(ੳ) ਵਾਲਹੁ ਨਿਕੀ ਆਖੀਐ ਗੁਰਸਿਖੀ ਸੁਣਿ ਗੁਰ ਸਿਖ ਪਾਲੈ । 4/18

(ਅ) ਗੁਰਸਿਖੀ ਬਾਰੀਕ ਹੈਂ ਸਿਲ ਚਟਣ ਫਿੱਕੀ ।
ਤਿੱਖੀ ਖੰਡੇ ਦੀ ਧਾਰ ਹੈ ਉਹੁ ਵਾਲਹੁੰ ਨਿੱਕੀ । 9/2

(ੲ) ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ ।
ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ ।
ਵਾਲਹੁੰ ਨਿਕੀ ਆਖੀਐ ਤੇਲੁ ਤਿਲਹੁੰ ਲੈ ਕੋਲੂ ਪੀੜੀ । 11/5

(ਸ) ਮਾਰਗੁ ਖੰਡੇ ਧਾਰ ਹੈ ਭਵਜਲੁ ਭਰ ਨਾਲਾ ।
ਵਾਲਹੁ ਨਿਕਾ ਆਖੀਐ ਗੁਰ ਪੰਥੁ ਨਿਰਾਲਾ । 13/17

(ਹ) ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ । 28/1

ਰੂਪਕ : ਉਪਮੇਯ ਨੂੰ ਉਪਮਾਨ ਵਿਚ ਅਭੇਦ ਸਮਝ ਕੇ ਕੀਤਾ ਗਿਆ ਵਰਣਨ ਰੂਪਕ ਅਲੰਕਾਰ ਹੁੰਦਾ ਹੈ । ਇਹ ਉਪਮਾ ਦਾ ਹੀ ਸੰਕੁਚਿਤ ਰੂਪ ਹੈ । ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਰਤੇ ਗਏ ਰੂਪਕ ਬੜੇ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਹੈ । ਉਦਾਹਰਣ ਵਜੋਂ 'ਮਨ' ਲਈ ਵਰਤਿਆ 'ਪੰਖੇਰੂ' ਦਾ ਰੂਪਕ ਵੇਖੋ :

(ੳ) ਮਨੁ ਪੰਖੇਰੂ ਧਾਵਦਾ ਸੰਗਿ ਸੁਭਾਇ ਜਾਇ ਫਲ ਖਾਹਾ । 26/9

(ਅ) ਮਨ ਪੰਖੇਰੂ ਬਿਰਖ ਭੇਦੁ ਸੰਗ ਸੁਭਾਉ ਸੋਈ ਫਲੁ ਧਰਿਆ । 31/8

ਭਾਈ ਗੁਰਦਾਸ ਦੇ ਕੁਝ ਹੋਰ ਰੂਪਕ ਹਨ—ਗਿਆਨ ਚਰਾਗੁ (3/13), ਹਉਮੈ ਅਗਿ (5/15, 15/13), ਸੁਖ ਸਾਗਰ (6/11, 12/20, 15/13, 29/19, 40/1), ਸੁਖ ਫਲ (6/11), ਪਿਰਮ ਪਿਆਲਾ (6/14), ਮਨ ਮਾਣਕੁ (9/7), ਪਾਪਾਂ ਦਾ ਹਾਰ (10/21), ਹਉਮੈ ਰੋਗ (12/17, 39/21), ਮਖੀ...ਮਾਇਆ (18/11), ਪਤਿ ਪਉੜੀ (18/14), ਭੋਜਨ ਭਾਉ (19/14), ਗੁਰ ਸਰਵਰਿ (24/15), ਗੁਰ ਦਰਿਆਉ (24/32, 26/13), ਗੁਰ ਤੀਰਥ ਦਰਿਆਉ (26/20), ਦੁਰਮਤਿ ਮਲੁ (28/9), ਗੁਰਮੁਖਿ ਦੀਪਕ, ਸ਼ਬਦ ਉਜਾਲਾ (29/8), ਹਉਮੈ ਪਾਲਿ (26/14), ਹਉਮੈ ਰੋਗ (29/15), ਤ੍ਰਿਸਨਾ ਜਲਣਿ (29/21), ਹਉਮੈ ਅਗਿ (33/19), ਪਥਰ ਪਾਪ (37/19)...ਆਦਿ ।

ਦ੍ਰਿਸ਼ਟਾਂਤ : ਕਿਸੇ ਪ੍ਰਸੰਗ, ਵਸਤੂ ਜਾਂ ਭਾਵ ਦਾ ਪੂਰਨ ਬੋਧ ਕਰਵਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਵਰਣਨ ਅਰਥਾਤ ਉਪਮੇਯ ਦੀ ਪ੍ਰਤਿਬਿੰਬ ਰੂਪ ਵਿਚ ਦਿੱਤੀ ਗਈ ਉਦਾਹਰਣ ਦ੍ਰਿਸ਼ਟਾਂਤ ਅਲੰਕਾਰ ਹੈ । ਪੰਜਾਬੀ ਕਵਿਤਾ ਵਿਚ ਦ੍ਰਿਸ਼ਟਾਂਤ ਅਲੰਕਾਰ ਦਾ ਸਭ ਤੋਂ ਵਧੇਰੇ ਪ੍ਰਯੋਗ ਭਾਈ ਗੁਰਦਾਸ ਨੇ ਹੀ ਕੀਤਾ ਹੈ । ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰ ਤਾਂ ਉਹ ਇਕੋ ਭਾਵ ਦੀ ਵਿਆਖਿਆ ਕਰਦਿਆਂ ਦ੍ਰਿਸ਼ਟਾਂਤਾਂ ਦੀ ਲੜੀ ਪ੍ਰੋ ਦਿੰਦੇ ਹਨ, ਜਿਵੇਂ :

ਲਹੁੜੀ ਹੋਇ ਚੀਚੁੰਗਲੀ ਪੈਧੀ ਛਾਪਿ ਮਿਲੀ ਵਡਿਆਈ ।
ਲਹੁੜੀ ਘਨਹਰ ਬੂੰਦ ਹੁਇ ਪਰਗਟੁ ਮੋਤੀ ਸਿਪ ਸਮਾਈ ।
ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ ।
ਲਹੁੜੀ ਪਾਰਸ ਪਥਰੀ ਅਸਟੁ ਧਾਤੁ ਕੰਚਨ ਕਰਵਾਈ ।
ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ ।
ਜਾਣਿ ਰਸਾਇਣੁ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ ।
ਆਪੁ ਗਵਾਇ ਨ ਆਪੁ ਗਣਾਈ । 14/4

ਉਪਰੋਕਤ ਪੰਕਤੀਆਂ ਵਿਚ ਚੀਚੀ, ਸਵਾਂਤੀ ਬੂੰਦ, ਕੇਸਰ, ਪਾਰਸ, ਮਣੀ, ਆਦਿ ਛੋਟੀਆਂ ਵਸਤਾਂ ਦਾ ਲੜੀਵਾਰ ਦ੍ਰਿਸ਼ਟਾਂਤ ਦੇ ਕੇ ਨਿਮ੍ਰਤਾ ਦੇ ਭਾਵ ਨੂੰ ਪ੍ਰਗਟ ਕੀਤਾ ਗਿਆ ਹੈ। ਅਸਲ ਵਿਚ, ਭਾਈ ਗੁਰਦਾਸ ਦੀ ਕਾਵਿ-ਸ਼ੈਲੀ ਦਾ ਪ੍ਰਮੁਖ ਆਧਾਰ ਹੀ ਉਨ੍ਹਾਂ ਦੇ ਢੁੱਕਵੇਂ ਅਤੇ ਸੁੰਦਰ ਦ੍ਰਿਸ਼ਟਾਂਤ ਹੀ ਹਨ। ਉਨ੍ਹਾਂ ਨੇ ਪ੍ਰਕ੍ਰਿਤੀ, ਜੀਵਨ, ਇਤਿਹਾਸ-ਮਿਥਿਹਾਸ ਆਦਿ ਵਿਚੋਂ ਅਨੇਕਾਂ ਦ੍ਰਿਸ਼ਟਾਂਤ ਪ੍ਰਸਤੁਤ ਕਰ ਕੇ ਆਪਣੀ ਕਾਵਿ-ਅਭਿਵਿਅਕਤੀ ਨੂੰ ਪ੍ਰਭਾਵਸ਼ਾਲੀ ਤੇ ਸੁਹਜ-ਭਰਪੂਰ ਬਣਾਇਆ ਹੈ।

ਉਪਮਾ, ਰੂਪਕ ਤੇ ਦ੍ਰਿਸ਼ਟਾਂਤ ਤੋਂ ਇਲਾਵਾ ਅਰਥ ਅਲੰਕਾਰ ਦੇ ਹੋਰ ਬਹੁਤ ਸਾਰੇ ਭੇਦ ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਮਿਲਦੇ ਹਨ, ਜਿਵੇਂ—ਉਤਪ੍ਰੇਖਿਆ (9/14, 30ਵੀਂ ਸਾਰੀ ਵਾਰ, 16/13, 33/5), ਨਿਦ੍ਰਸ਼ਨਾ (2/17, 24/21, 25/8, 36/7), ਪ੍ਰਸ਼ਨੋਤਰ (1/28,1/29, 1/33 1/35, 1/42), ਦੀਪਕ (1/27, 16/16, 28/18), ਸਾਰ (37/26) ਕਾਵਿ ਲਿੰਗ (36/14), ਵਿਆਜਨਿੰਦਾ (45/14), ਉਨਮੀਲਿਤ (35/17), ਵਿਸ਼ੇਸੋਕਤੀ (10/18, 36/17), ਉਲਾਸ (26/11, 28/12, 35/6), ਉਲੇਖ (15/1), 26/20), ਅਸੰਗਤੀ (25/7), ਅਸੰਭਵ (1/43), ਤਦਗੁਣ (2/16), ਅਤਦਗੁਣ (6/15, 7/18, 15/10), ਅਨੁਗੁਣ (15/17), ਅਨਯੋਕਤੀ (1/40, 1/41, 11/10, 17/3), ਵੰਜਘਾਤ (1/30), ਯਥਾ ਸੰਖਿਆ (7/1-34), ਵਕ੍ਰੋਕਤੀ (36/8), ਵਿਸ਼ੇਸ਼ਉਕਤੀ (35/14, 2/5 22/5, 26/3), ਕਾਰਣਮਾਲਾ (2/13), ਅਵਗਿਆ (31/3), ਛੇਕੋਕਤੀ (30/19), ਅਧਿਕ (1/4), ਸਮ (5/4), ਵਿਸ਼ੇਸ਼ਕ (35/19)...ਆਦਿ।

(ਕ) ਬਿੰਬ-ਵਿਧਾਨ :

ਾਵਿ-ਬਿੰਬ ਭਾਈ ਗੁਰਦਾਸ ਦੀ ਕਾਵਿ-ਸ਼ੈਲੀ ਦੀ ਆਤਮਾ ਅਤੇ ਭਾਵ-ਸੰਚਾਰ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਵੋਤਮ ਮਾਧਿਅਮ ਹੈ ਜੋ ਉਨ੍ਹਾਂ ਦੀ ਨਵੇਕਲੀ ਕਾਵਿ-ਪ੍ਰਤਿਭਾ ਨੂੰ ਪ੍ਰਮਾਣਿਤ ਕਰਦਾ ਹੈ। ਗੁਰੂ ਗ੍ਰੰਥ ਸਾਹਬ ਤੋਂ ਬਾਅਦ ਕਾਵਿ-ਬਿੰਬ ਦਾ ਸਭ ਤੋਂ ਵੱਧ ਪ੍ਰਯੋਗ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹੀ ਹੋਇਆ ਹੈ।

ਭਾਈ ਗੁਰਦਾਸ ਦੀ ਬਿੰਬ-ਸਾਮਗ੍ਰੀ ਦਾ ਸ੍ਰੋਤ ਤੇ ਖੇਤ੍ਰ ਬੜਾ ਵਿਸ਼ਾਲ ਹੈ। ਆਪਣੀ ਪ੍ਰਚੰਡ ਕਲਪਨਾ ਦੇ ਮਾਧਿਅਮ ਦੁਆਰਾ ਸਮੁੱਚੇ ਬ੍ਰਹਮੰਡ ਦੀ ਪ੍ਰਕ੍ਰਮਾ ਕਰਦਿਆਂ ਉਨ੍ਹਾਂ ਨੇ ਅਨੇਕਾਂ ਵੰਨ-ਸਵੰਨੇ ਬਿੰਬ ਇਕੱਤ੍ਰ ਕਰ ਕੇ ਆਪਣੀ ਬਿੰਬ-ਸਾਮਗ੍ਰੀ ਨੂੰ ਅਮੀਰ ਬਣਾਇਆ ਹੈ। ਭਾਈ ਗੁਰਦਾਸ ਦੇ ਬਿੰਬ-ਵਿਧਾਨ ਦੀ ਸਾਮਗ੍ਰੀ ਦੇ ਸ੍ਰੋਤ ਤੇ ਖੇਤ੍ਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—(1) ਪ੍ਰਕ੍ਰਿਤੀ (2) ਜੀਵਨ ਅਤੇ (3) ਮਿਥਿਹਾਸ, ਇਤਿਹਾਸ, ਲੋਕ-ਵਿਸ਼ਵਾਸ ਆਦਿ।

ਪ੍ਰਕ੍ਰਿਤੀ ਦਾ ਕਣ ਕਣ ਬਿੰਬਾਂ ਦਾਂ ਰੂਪ ਧਾਰਣ ਕਰ ਕੇ ਉਨ੍ਹਾਂ ਦੀ ਕਾਵਿ-ਰਚਨਾ ਵਿਚ ਸਮਾਇਆ ਹੋਇਆ ਹੈ। ਪ੍ਰਕ੍ਰਿਤੀ ਭਾਈ ਸਾਹਿਬ ਦੀ ਬਿੰਬਾਵਲੀ ਦਾ ਵਿਸ਼ਾਲ ਸ੍ਰੋਤ ਹੈ ਤੇ ਉਨ੍ਹਾਂ ਦਾ ਚੋਣ-ਖੇਤ੍ਰ ਬੜਾ ਵਿਆਪਕ ਹੈ। ਪ੍ਰਕ੍ਰਿਤੀ ਵਿਚੋਂ ਲਏ ਬਿੰਬਾਂ ਵਿਚੋਂ, ਭਾਈ ਗੁਰਦਾਸ ਦਾ ਪ੍ਰਿਯ ਬਿੰਬ 'ਚੰਦਨ' ਹੈ, ਜਿਸ ਦੀ ਵੰਨਗੀ ਪੇਸ਼ ਹੈ :

(ੳ) ਸਤਿਗੁਰ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ। 26/20
(ਅ) ਸਾਧ ਸੰਗਤਿ ਚੰਨਣ ਬਿਰਖੁ ਮਿਲਿ ਚੰਨਣ ਹੋਈ। 9/19
(ੲ) ਗੁਰਸਿਖੀ ਦਾ ਵਰਤਮਾਨ ਚੰਦਨ ਵਾਸੁ ਨਿਵਾਸ ਬਰਿਖੈ। 28/5

ਭਾਈ ਗੁਰਦਾਸ ਨੇ ਆਪਣੇ ਅਰੂਪ ਭਾਵ ਜਗਤ ਨੂੰ ਰੂਪਮਾਨ ਕਰਨ ਲਈ ਜੀਵਨ ਦੇ ਵਿਸ਼ਾਲ ਖੇਤ੍ਰ ਵਿਚੋਂ ਭਾਰੀ ਮਾਤ੍ਰਾ ਵਿਚ ਬਿੰਬਾਂ ਦੀ ਚੋਣ ਕੀਤੀ ਹੈ ਜਿਸ ਤੋਂ ਉਨ੍ਹਾਂ ਦੇ ਡੂੰਘੇ ਜੀਵਨ-ਅਨੁਭਵ ਦਾ ਬੋਧ ਹੁੰਦਾ ਹੈ। ਜੀਵਨ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇ ਜੋ ਭਾਈ ਸਾਹਿਬ ਦੀ ਬਿੰਬਾਵਲੀ ਵਿਚ ਸ਼ਾਮਲ ਨਾ ਹੋਵੇ। ਦੀਪਕ ਤੇ ਬੋਹਿਥਾ ਭਾਈ ਗੁਰਦਾਸ ਦੇ ਦੋ ਬੜੇ ਪ੍ਰਭਾਵਸ਼ਾਲੀ ਬਿੰਬ ਕਹੇ ਜਾ ਸਕਦੇ ਹਨ।

(ੳ) ਸਤੇ ਦੀਪ ਅਨ੍ਹੇਰੁ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ। 29/8
(ਅ) ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ। 3/13
(ੲ) ਦੁਰਮਤਿ ਘੁੰਮਣ ਵਾਣੀਐ ਗੁਰਮਤਿ ਸੁਕ੍ਰਿਤੁ ਬੋਹਿਥੁ ਬੰਨਾ। 31/11

ਪ੍ਰਕ੍ਰਿਤੀ ਅਤੇ ਜੀਵਨ ਤੋਂ ਇਲਾਵਾ ਭਾਈ ਗੁਰਦਾਸ ਨੇ ਮਿਥਿਹਾਸ, ਇਤਿਹਾਸ ਤੇ ਲੋਕ-ਵਿਸ਼ਵਾਸ ਨਾਲ ਸੰਬੰਧਿਤ ਖੇਤ੍ਰਾਂ ਵਿਚੋਂ ਅਨੇਕਾਂ ਬਿੰਬ ਗ੍ਰਹਿਣ ਕਰ ਕੇ ਆਪਣੇ ਬਿੰਬ-ਵਿਧਾਨ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਅਮੀਰ ਬਣਾਇਆ ਹੈ। ਆਪਣੇ ਭਾਵਾਂ ਦੀ ਸ਼ਕਤੀਸ਼ਾਲੀ ਅਭਿਵਿਅਕਤੀ ਲਈ ਭਾਈ ਗੁਰਦਾਸ ਨੇ ਮਿਥਿਹਾਸ ਵਿਚੋਂ ਵਧੇਰੇ ਬਿੰਬ ਗ੍ਰਹਿਣ ਕੀਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਪਰ ਪੁਰਾਣ ਕਥਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦਿਆਂ ਹੋਇਆਂ ਵੀ ਭਾਈ ਗੁਰਦਾਸ ਨੇ ਪੂਰਨ ਸੁਹਿਰਦਤਾ ਨਾਲ 'ਆਦਿ ਗ੍ਰੰਥ' ਦੀ ਭਾਵਨਾ ਨੂੰ ਹੀ ਰੂਪਮਾਨ ਕੀਤਾ ਹੈ ਅਤੇ ਪੌਰਾਣਿਕ ਪ੍ਰਵਿਰਤੀਆਂ ਨੂੰ ਇਕ ਸਿਧਾਂਤ ਵਜੋਂ ਸਵੀਕਾਰ ਨਹੀਂ ਕੀਤਾ" ।[15] ਭਾਈ ਗੁਰਦਾਸ ਨੇ ਜੋ ਬਿੰਬ ਮਿਥਿਹਾਸ ਵਿਚੋਂ ਲਏ ਹਨ, ਉਨ੍ਹਾਂ ਦਾ ਵਿਸ਼ਲੇਸ਼ਣ ਪੌਰਾਣਿਕ ਕਥਾਵਾਂ ਦੇ ਪਾਤ੍ਰਾਂ ਤੇ ਮਿਥਿਹਾਸ ਦੇ ਵਿਭਿੰਨ ਉਪਕਰਣਾਂ ਅਨੁਸਾਰ ਕੀਤਾ ਜਾ ਸਕਦਾ ਹੈ ।

ਭਾਈ ਗੁਰਦਾਸ ਦੀ ਦਸਵੀਂ ਵਾਰ ਵਿਚ ਮਧਕਾਲ ਦੇ ਕੁਝ ਭਗਤਾਂ ਦੀਆਂ ਕਥਾਵਾਂ ਦਿੱਤੀਆਂ ਗਈਆਂ ਹਨ ਜੋ ਗੁਰਮਤਿ ਦੇ ਸੂਖਮ ਭਾਵਾਂ ਤੇ ਵਿਚਾਰਾਂ ਨੂੰ ਮੂਰਤੀਮਾਨ ਕਰਦੀਆਂ ਹਨ । ਇਨ੍ਹਾਂ ਭਗਤਾਂ ਨੂੰ ਬਿੰਬ ਰੂਪ ਵਿਚ ਗ੍ਰਹਿਣ ਕਰਦਿਆਂ ਭਾਈ ਗੁਰਦਾਸ ਅੰਦਰ ਪੌਰਾਣਿਕ ਭਾਵਨਾ ਕ੍ਰਿਆਸ਼ੀਲ ਰਹੀ ਹੈ ਤੇ ਇਹ ਇਤਿਹਾਸਕ ਵਿਅਕਤੀ ਹੁੰਦੇ ਹੋਏ ਵੀ ਪੁਰਾਣ-ਪੁਰਸ਼ ਜਾਪਦੇ ਹਨ । ਇਸ ਤਰ੍ਹਾਂ ਭਾਈ ਗੁਰਦਾਸ ਦੀ ਬਿੰਬਾਵਲੀ ਦਾ ਇਹ ਸ੍ਰੋਤ ਇਤਿਹਾਸ-ਮਿਥਿਹਾਸ ਦਾ ਮਿਸ਼ਰਣ ਕਿਹਾ ਜਾ ਸਕਦਾ ਹੈ । ਭਾਈ ਗੁਰਦਾਸ ਨੇ ਕੁਝ ਬਿੰਬ ਲੋਕ-ਵਿਸ਼ਵਾਸ ਤੇ ਅਵਦਾਨ ਦੇ ਖੇਤ੍ਰ ਵਿਚੋਂ ਵੀ ਲਏ ਹਨ ।

ਭਾਈ ਗੁਰਦਾਸ ਦੇ ਭਾਵਾਂ ਤੇ ਵਿਚਾਰਾਂ ਨੂੰ ਰੂਪਮਾਨ ਕਰਨ ਲਈ ਬਿੰਬਾਂ ਦਾ ਵਿਸ਼ੇਸ਼ ਯੋਗਦਾਨ ਹੈ । ਭਾਈ ਗੁਰਦਾਸ ਦੀ ਕਾਵਿ-ਰਚਨਾ ਦੇ ਪ੍ਰਕਰਣ ਵਿਚ ਵਿਸ਼ੇ ਤੇ ਬਿੰਬ ਦੇ ਅੰਤਰ-ਸੰਬੰਧ ਦਾ ਅਧਿਐਨ ਦੋ ਪੱਖਾਂ ਤੋਂ ਕੀਤਾ ਜਾ ਸਕਦਾ ਹੈ । (1) ਭਾਵਾਂ ਤੇ ਵਿਚਾਰਾਂ ਲਈ ਪ੍ਰਯੁਕਤ ਬਿੰਬ ਅਤੇ (2) ਵਿਅਕਤੀ ਵਿਸ਼ੇਸ਼ ਲਈ ਪ੍ਰਯੁਕਤ ਬਿੰਬ ।

ਭਾਈ ਗੁਰਦਾਸ ਦੇ ਕਾਵਿ-ਲੋਕ ਦਾ ਮੂਲ ਸੰਬੰਧ ਗੁਰਮਤਿ ਜਾਂ ਗੁਰਬਾਣੀ ਹੈ । ਇਸ ਪ੍ਰਸੰਗ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਨੇ ਬਿੰਬਾਂ ਦਾ ਵਿਆਪਕ ਪ੍ਰਯੋਗ ਕਰ ਕੇ ਗੁਰਸਿੱਖੀ ਦੇ ਸਮੁੱਚੇ ਬਿੰਬ ਨੂੰ ਉਜਾਗਰ ਕਰਨ ਦਾ ਅਤਿ ਸਫਲ ਯਤਨ ਕੀਤਾ ਹੈ । ਸਤਿਗੁਰੂ ਦੀ ਸ੍ਰੇਸ਼ਟਤਾ ਨੂੰ ਰੂਪਮਾਨ ਕਰਨ ਲਈ ਭਾਈ ਗੁਰਦਾਸ ਨੇ ਬੜੇ ਪ੍ਰਭਾਵਸ਼ਾਲੀ ਬਿੰਬਾਂ ਦਾ ਪ੍ਰਯੋਗ ਕੀਤਾ ਹੈ । ਅਜਿਹੇ ਬਿੰਬਾਂ ਦੀ ਵੰਨਗੀ ਵੇਖੋ :

(ੳ) ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਣਗੁਣਿਆਰੇ ।
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ।
ਸੁਖ ਸਾਗਰੁ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ । 26/19

(ਅ) ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ ।
ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੇ ਲਾਖੀਣਾ ।
ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲ ਸਫਲ ਕਰੈ ਸੰਗਿ ਲੀਣਾ ।
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ ।
ਗੁਰ ਤੀਰਥੁ ਦਰਿਆਉ ਹੈ ਪਸ਼ੂ ਪਰੇਤ ਕਰੇ ਪਰਬੀਣਾ । 26/20

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ਚਿੰਤਾਮਣਿ ਗੁਰੁ ਛਡਿ ਕੈ ਚਿਤਾਮਣਿ ਚਿੰਤਾ ਨ ਗਵਾਏ । 15/4

ਭਾਈ ਗੁਰਦਾਸ ਨੇ ਗੁਰਮੁਖ ਤੇ ਮਨਮੁਖ ਲਈ ਬੜੇ ਪ੍ਰਭਾਵਸ਼ਾਲੀ ਬਿੰਬ ਪ੍ਰਯੁਕਤ ਕੀਤੇ ਹਨ । ਇਨ੍ਹਾਂ ਦੇ ਅੰਤਰ ਨੂੰ ਮੂਰਤੀਮਾਨ ਕਰਨ ਲਈ ਵਿਰੋਧਭਾਵੀ ਬਿੰਬਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ । ਗੁਰਮੁਖ ਤੇ ਮਨਮੁਖ ਦੀ ਵਿਰੋਧੀ ਪ੍ਰਕ੍ਰਿਤੀ ਨੂੰ ਰੂਪਮਾਨ ਕਰਨ ਲਈ ਹੰਸ ਤੇ ਬਗਲੇ ਦਾ ਬਿੰਬ ਵਧੇਰੇ ਵਰਤਿਆ ਗਿਆ ਹੈ, ਜਿਵੇਂ :

ਗੁਰਮੁਖਿ ਵੰਸੀ ਪਰਮਹੰਸ ਸਬਦ ਸੁਰਤਿ ਗੁਰਮਤਿ ਅਡੋਲਾ ।
ਖੀਰਹੁ ਨੀਰ ਨਿਕਾਲਦੇ ਗੁਰਮਖਿ ਗਿਆਨੁ ਧਿਆਨੁ ਨਿਰੋਲਾ ।
ਗੁਰਮੁਖਿ ਸਚੁ ਸਲਾਹੀਐ ਤੋਲੁ ਨ ਤੋਲਨਹਾਰੁ ਅਤੋਲਾ ।
ਮਨਮੁਖ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆ ਖਾਇ ਅਬੋਲਾ ।
ਹੋਇ ਲਖਾਉ ਟਿਕਾਇ ਜਾਇ ਛਪਤਿ ਊਹੁ ਪੜੇ ਮੁਹਚੋਲਾ ।30/4

ਇਸ ਤੋਂ ਇਲਾਵਾ ਭਾਈ ਗੁਰਦਾਸ ਨੇ ਪਰਮਾਤਮਾ, ਗੁਰ-ਪ੍ਰਣਾਲੀ, ਸਿੱਖੀ-ਮਾਰਗ, ਸਾਧ-ਸੰਗਤ, ਗੁਰੂ ਤੇ ਸਿੱਖ ਦੀ ਪ੍ਰੀਤ, ਕੂੜ ਤੇ ਸੱਚ, ਨਿਮ੍ਰਤਾ ਤੇ ਪਰਉਪਕਾਰ, ਬੁਰਾ ਤੇ ਭਲਾ, ਪੂਜਾ ਦਾ ਧਨ, ਮਾਇਆ, ਸ੍ਰਿਸ਼ਟੀ, ਮਨ, ਗਿਆਨ-ਅਗਿਆਨ, ਦੁਖ-ਸੁਖ, ਹਉਮੈ, ਵਿਸ਼ੇ-ਵਿਕਾਰ, ਲੋਭ ਤੇ ਤ੍ਰਿਸ਼ਨਾ ਆਦਿ, ਈਰਖਾ, ਭਰਮ, ਪਾਪ, ਦੁਰਮਤਿ, ਜਵਾਨੀ, ਯੁਗ-ਚਿਤ੍ਰਣ ਆਦਿ ਬਾਰੇ ਬ ਖ਼ੂਬਸੂਰਤੜੇ ਤੇ ਪ੍ਰਭਾਵਸ਼ਾਲੀ ਬਿੰਬਾਂ ਦਾ ਪ੍ਰਯੋਗ ਕੀਤਾ ਹੈ ।

ਭਾਈ ਗੁਰਦਾਸ ਨੇ ਭਾਵਾਂ ਤੇ ਵਿਚਾਰਾ ਦੇ ਨਿਰੂਪਣ ਤੋਂ ਇਲਾਵਾ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਸਰੂਪ ਨੂੰ ਰੂਪਮਾਨ ਕਰਨ ਲਈ ਵੀ ਬਿੰਬਾਂ ਦਾ ਪ੍ਰਯੋਗ ਕੀਤਾ ਹੈ । ਗੁਰੂ ਸਾਹਿਹਾਨ ਵਿਚੋਂ ਵਧੇਰੇ ਪ੍ਰਭਾਵਸ਼ਾਲੀ ਬਿੰਬ ਗੁਰੂ ਨਾਨਕ ਦੇਵ ਜੀ ਲਈ ਪ੍ਰਯੁਕਤ ਹੋਏ ਹਨ । ਉਦਾਹਰਣ ਵਜੋਂ, ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਨੂੰ ਰੂਪਮਾਨ ਕਰਨ ਲਈ ਉਨ੍ਹਾਂ ਵਾਸਤੇ ਸੂਰਜ, ਸ਼ੇਰ ਤੇ ਚੰਦ੍ਰਮਾ ਦਾ ਬਿੰਬ ਪ੍ਰਯੁਕਤ ਕੀਤਾ ਗਿਆ ਹੈ, ਜਿਵੇਂ :

(ੳ) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰਿ ਧਰੋਆ । 1/27 ।

(ਅ) ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜੁ ਜਗੁ ਰੁਸਨਾਈ ।
ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ ।
ਚੜਿਆ ਚੰਦੁ ਨ ਲੁਕਾਈ ਕਢਿ ਕੁਨਾਲੀ ਜੋਤਿ ਛਪਾਈ । 1/34

ਕਾਵਿ-ਬਿੰਬ ਦੀਆਂ ਵਿਸ਼ੇਸ਼ਤਾਵਾਂ ਸੰਬੰਧੀ ਵਿਦਵਾਨਾਂ ਨੇ ਵਿਸਤਾਰ ਸਾਹਿਤ ਚਰਚਾ ਕੀਤੀ ਹੈ ਜਿਨ੍ਹਾਂ ਵਿਚੋਂ ਸਿਸਲ ਡੇ ਲੀਵਸ ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ । ਲੀਵਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਵਿਵੇਚਨ ਅਨੁਸਾਰ ਕਾਵਿ-ਬਿੰਬ ਦੇ ਇਹ ਗੁਣ ਨਿਰਧਾਰਿਤ ਹੁੰਦੇ ਹਨ—ਉਤੇਜਨਾ, ਤੀਬਰਤਾ, ਨਵੀਨਤਾ ਤੇ ਤਾਜ਼ਗੀ, ਪਰਿਚਯਤਾ, ਉਰਵਤਾ ਤੇ ਵਿਅੰਜਕਤਾ ਅਤੇ ਅਨੁਰੂਪਤਾ । ਇਹ ਸਾਰੇ ਗੁਣ ਭਾਈ ਗੁਰਵਾਸ ਦੇ ਬਿੰਬਾਂ ਵਿਚ ਵਿਦਮਾਨ ਹਨ ।

ਭਾਈ ਗੁਰਦਾਸ ਦੀ ਕਾਵਿ-ਸ਼ੈਲੀ ਨੂੰ ਨਿਖਾਰਣ ਅਤੇ ਅਭਿਵਿਅਕਤੀ ਨੂੰ ਪ੍ਰਭਾਵਸ਼ਾਲੀ ਬਨਾਉਣ ਵਿਚ ਬਿੰਬਾਵਲੀ ਦਾ ਵਿਸ਼ੇਸ਼ ਯੋਗਦਾਨ ਹੈ । ਸੰਵੇਦਨਾ ਪ੍ਰਦਾਨ ਕਰਨਾ, ਅਮੂਰਤ ਭਾਵਾਂ ਦਾ ਮੂਰਤੀਕਰਣ, ਭਾਵਾਂ ਦੀ ਸੁਹਜ-ਭਰਪੂਰ ਅਭਿਵਿਅਕਤੀ, ਕਾਵਿ ਨੂੰ ਸਜੀਵਤਾ ਬਖ਼ਸ਼ਣਾ, ਪ੍ਰਭਾਵ ਦੀ ਉਤਪਤੀ, ਕ੍ਰਮਬੱਧਤਾ ਲਿਆਉਣਾ ਅਤੇ ਬਾਹਰਲੇ ਜਗਤ ਨਾਲ ਭਾਵਾਤਮਕ ਸੰਬੰਧਾਂ ਦੀ ਸਥਾਪਨਾ ਕਰਨਾ ਉਨ੍ਹਾਂ ਦੀ ਬਿੰਬਾਵਲੀ ਦਾ ਕਾਰਜ ਤੇ ਉਪਯੋਗਤਾ ਹੈ ।

ਭਾਈ ਗੁਰਦਾਸ ਨੇ ਉਪਮਾ, ਰੂਪਕ, ਦ੍ਰਿਸ਼ਟਾਂਤ, ਪ੍ਰਤੀਕ, ਮਾਨਵੀਕਰਣ, ਮੁਹਾਵਰੇ ਤੇ ਅਖਾਉਂਤਾਂ ਅਤੇ ਬਿਰਤਾਂਤ ਨੂੰ ਮਾਧਿਅਮ ਬਣਾ ਕੇ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਬਿੰਬਾਵਲੀ ਦਾ ਨਿਰਮਾਣ ਕੀਤਾ। ਦ੍ਰਿਸ਼ਟਾਂਤ ਉਨ੍ਹਾਂ ਦੀ ਬਿੰਬਾਵਲੀ ਦੇ ਨਿਰਮਾਣ ਦਾ ਪ੍ਰਮੁੱਖ ਮਾਧਿਅਮ ਹੈ ।

ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਬਿੰਬ ਦੀ ਸਥਿੱਤੀ ਨਿਸ਼ਚਿਤ ਨਹੀਂ । ਉਨ੍ਹਾਂ ਦੀਆਂ ਵਾਰਾਂ ਵਿਚ ਬਿੰਬ ਦੀ ਸਥਿੱਤੀ ਕਿਸੇ ਸ਼ਬਦ, ਵਾਕੰਗ, ਵਾਕ, ਵਾਕ-ਸਮੂਹ, ਪਉੜੀ ਜਾਂ ਇਕ ਤੋਂ ਵੱਧ ਪਉੜੀਆਂ ਵਿਚ ਵੇਖੀ ਜਾ ਸਕਦੀ ਹੈ । ਇਕੋ ਸ਼ਬਦ ਵਿਚ ਵਿਦਮਾਨ ਬਿੰਬਾਂ ਦੀ ਪ੍ਰਕ੍ਰਿਤੀ ਪ੍ਰਤੀਕਾਤਮਕ ਹੈ ।

ਭਾਈ ਗੁਰਦਾਸ ਦੇ ਬਿੰਬ-ਵਿਧਾਨ ਵਿਚ ਅਖੰਡਿਤ ਬਿੰਬਾਂ ਦੀ ਸੰਖਿਆ ਕਾਫ਼ੀ ਹੈ ਜੋ ਭਾਈ ਗੁਰਦਾਸ ਦੀ ਅਖੰਡਿਤ ਅਨੁਭੂਤੀ ਦਾ ਪ੍ਰਤਿਫਲ ਹਨ । ਉਨ੍ਹਾਂ ਦੀ ਕਾਵਿ-ਰਚਨਾ ਵਿਚ ਖੰਡਿਤ-ਬਿੰਬਾਂ ਦੀ ਵੀ ਭਰਮਾਰ ਹੈ ਜਿਨ੍ਹਾਂ ਦਾ ਜਨਮ ਉਨ੍ਹਾਂ ਦੀ ਖੰਡਿਤ ਅਨੁਭੂਤੀ ਵਿਚੋਂ ਹੋਇਆ ਹੈ, ਪਰ ਅਜਿਹੇ ਖੰਡਿਤ ਬਿੰਬਾਂ ਵਿਚ ਭਾਵ ਦੀ ਅਖੰਡਤਾ ਬਣੀ ਰਹਿੰਦੀ ਹੈ । ਭਾਈ ਗੁਰਦਾਸ ਦੀ ਕਵਿਤਾ ਦੇ ਬਹੁਤ ਸਾਰੇ ਪ੍ਰਸੰਗਾਂ ਵਿਚ ਇਕ ਹੀ ਪ੍ਰਧਾਨ ਬਿੰਬ ਹੁੰਦਾ ਹੈ ਤੇ ਹੋਰ ਕਈ ਲਘੂ ਬਿੰਬ ਉਸ ਨੂੰ ਵਧੇਰੇ ਸਪਸ਼ਟ ਕਰਨ ਲਈ ਕ੍ਰਿਆਸ਼ੀਲ ਰਹਿੰਦੇ ਹਨ । ਭਾਈ ਗੁਰਦਾਸ ਨੇ ਸੰਯੁਕਤ ਬਿੰਬਾਂ ਦਾ ਪ੍ਰਯੋਗ ਵੀ ਕਾਫ਼ੀ ਮਾਤ੍ਰਾ ਵਿਚ ਕੀਤਾ ਹੈ ਜਿਨ੍ਹਾਂ ਦੀ ਪ੍ਰਕ੍ਰਿਤੀ ਵਿਚ ਸਹਿਚਾਰ ਵੀ ਹੈ ਤੇ ਵਿਰੋਧ ਵੀ । ਕੁਝ ਪ੍ਰਸੰਗਾਂ ਵਿਚ ਇਕੋ ਬਿੰਬ ਹੀ ਸਹਿਚਾਰੀ ਤੇ ਵਿਰੋਧੀ ਭਾਵਾਂ ਲਈ ਪ੍ਰਯੁਕਤ ਕੀਤਾ ਗਿਆ ਹੈ ਜੋ ਭਾਈ ਗੁਰਦਾਸ ਦੀ ਬਹੁਰੰਗੀ ਕਲਪਨਾ ਦਾ ਪ੍ਰਤਿਫਲ ਹੈ ।

ਭਾਈ ਗੁਰਦਾਸ ਦਾ ਮੂਲ ਉਦੇਸ਼ ਗੁਰਬਾਣੀ ਦੀ ਮੂਲ ਭਾਵਨਾ ਨੂੰ ਹੀ ਰੂਪਮਾਨ ਕਰਨਾ ਹੈ, ਇਸ ਲਈ ਉਨ੍ਹਾਂ ਨੇ ਜੋ ਬਿੰਬ ਵਰਤੇ ਹਨ ਉਹ ਗੁਰਬਾਣੀ ਦੀ ਬਿੰਬਾਵਲੀ ਦੇ ਅਨੁਕੂਲ ਹਨ । ਇਸ ਤਰ੍ਹਾਂ ਉਨ੍ਹਾਂ ਦੀ ਬਿੰਬਾਵਲੀ ਗੁਰਮਤਿ-ਕਾਵਿ ਦੀ ਧਾਰਾ ਨਾਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁੱਟੀ ਨਹੀਂ, ਸਗੋਂ ਇਕਸੁਰ ਹੈ ਅਤੇ ਉਨ੍ਹਾਂ ਦਾ ਬਿੰਬ-ਵਿਧਾਨ ਗੁਰਮਤਿ ਦੀ ਬਿੰਬ-ਮਾਲਾ ਦਾ ਹੀ ਇਕ ਮਣਕਾ ਹੈ ਜਿਸ ਦੀ ਆਪਣੀ ਅਨੋਖੀ ਆਭਾ ਹੈ ।[16]

ਹਵਾਲੇ ਅਤੇ ਟਿੱਪਣੀਆਂ

1. 'ਸਾਹਿੱਤ ਵਿਵੇਚਨ', ਪੰਨਾ 164.
2. 'ਵਾਰਕਾਰ ਗੁਰੂ ਨਾਨਕ', ਪੰਨਾ 408.
3. 'ਗੁਰ ਸ਼ਬਦ ਰਤਨਾਕਾਰ', ਮਹਾਨ ਕੋਸ਼, ਪੰਨਾ 544.
4. (ੳ) 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 156-62.
   (ਅ) 'ਪੰਜਾਬੀ ਸਾਹਿਤ ਬਾਰੇ', ਪੰਨਾ 116-24.
5. 'ਪੰਜਾਬੀ ਬੋਲੀ ਦਾ ਨਿਵਾਸ ਤੇ ਵਿਕਾਸ', ਭਾਗ ਤੀਜਾ, ਪੰਨਾ 102.
6. 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਨਾ 129.
7. 'ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 155.
8. 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਨਾ 128.
9. ਉਹੀ ।
10. ਡਾ. ਪ੍ਰੇਮ ਪ੍ਰਕਾਸ਼ ਸਿੰਘ, 'ਭਾਰਤੀ ਆਲੋਚਨਾ ਪਰੰਪਰਾ', 'ਆਲੋਚਨਾ ਦੀਆਂ ਪ੍ਰਣਾਲੀਆਂ', ਪੰਨਾ 15.
11. 'ਕਾਵਯ ਦਰਪਣ' ਪੰਨਾ 44.
12. 'ਡਾ. ਪ੍ਰੇਮ ਪ੍ਰਕਾਸ਼ ਸਿੰਘ', 'ਭਾਰਤੀ ਆਲੋਚਨਾ ਪਰੰਪਰਾ', 'ਆਲੋਚਨਾ ਦੀਆਂ ਪ੍ਰਣਾਲੀਆਂ', ਪੰਨਾ 15, ਦੇ ਹਵਾਲੇ ਅਨੁਸਾਰ ।
13. 'ਭਾਰਤੀ ਆਲੋਚਨਾ ਪਰੰਪਰਾ', 'ਆਲੋਚਨਾ ਦੀਆਂ ਪ੍ਰਣਾਲੀਆ', ਪੰਨਾ 23-24.
14. ਮਹਿੰਦਰ ਸਿੰਘ ਜੋਸ਼ੀ, 'ਭਾਈ ਗੁਰਦਾਸ ਦੀ ਕਵਿਤਾ', 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਨਾ 67.
15. ਡਾ. ਕਰਨੈਲ ਸਿੰਘ ਥਿੰਦ, 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ', ਪੰਨਾ 91.
16. ਵਿਸਤਾਰ ਲਈ ਵੇਖੋ ਲੇਖਕ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਵਲੋਂ ਪੀ. ਐਚ. ਡੀ. ਦੀ ਡਿਗਰੀ ਲਈ ਸਵੀਕ੍ਰਿਤ ਸ਼ੋਧ-ਪ੍ਰਬੰਧ 'ਭਾਈ ਗੁਰਦਾਸ ਦੀ ਕਵਿਤਾ ਦੇ ਬਿੰਬ-ਵਿਧਾਨ ਦਾ ਅਧਿਐਨ', (1977).

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਕਰਸ਼

1. ਗੁਰੂ-ਘਰ ਦੇ ਪਿਆਰੇ ਤੇ ਸਤਿਕਾਰੇ ਜਾਂਦੇ ਆਦਰਸ਼ ਗੁਰਸਿੱਖ, ਵਿਦਵਾਨ ਅਤੇ ਸ਼ਿਰੋਮਣੀ ਕਵੀ ਭਾਈ ਗੁਰਦਾਸ ਦਾ ਜਨਮ 1608 ਬਿਕ੍ਰਮੀ (1551 ਈਸਵੀ) ਵਿਚ ਗੋਇੰਦਵਾਲ ਵਿਖੇ ਹੋਇਆ। ਭਾਈ ਗੁਰਦਾਸ ਦੇ ਪਿਤਾ ਈਸ਼ਰ ਦਾਸ ਅਤੇ ਮਾਤਾ ਜੀਵਣੀ ਜੀ ਭੱਲਾ ਖ਼ਾਨਦਾਨ ਦੇ ਖਤ੍ਰੀਆਂ ਵਿਚੋਂ ਸਨ। ਭਾਈ ਗੁਰਦਾਸ ਗੁਰੂ ਅਮਰ ਦਾਸ ਜੀ ਦੇ ਭਤੀਜੇ, ਗੁਰੂ ਰਾਮਦਾਸ ਜੀ ਦੇ ਮਹਿਲ ਭਾਨੀ ਜੀ ਦੇ ਚਚੇਰੇ ਭਾਈ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ।

ਛੋਟੀ ਉਮਰ ਵਿਚ ਹੀ ਮਾਤਾ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਤੇ ਗੁਰੂ ਅਮਰਦਾਸ ਦੀ ਨਿਗਰਾਨੀ ਹੇਠ ਵਿਦਿਆ ਪ੍ਰਾਪਤ ਕਰਨ ਉਪਰੰਤ ਰਾਮਦਾਸਪੁਰ ਦੀ ਉਸਾਰੀ ਤੇ ਗੋਇੰਦਵਾਲਪੁਰ ਵਿਚ ਬਉਲੀ ਦੀ ਸੇਵਾ ਕੀਤੀ ਅਤੇ ਚੰਬਾ, ਜੰਮੂ ਆਦਿ ਪਹਾੜੀ ਇਲਾਕਿਆਂ ਵਿਚ ਧਰਮ ਪ੍ਰਚਾਰ ਕਰ ਕੇ ਗੁਰਸਿੱਖੀ ਦੀ ਮਹਿਕ ਨੂੰ ਦੂਰ ਦੂਰ ਤੱਕ ਫੈਲਾਅ ਦਿੱਤਾ। ਸਿੱਖੀ ਤਾਂ ਭਾਈ ਸਾਹਿਬ ਪਹਿਲਾਂ ਹੀ ਧਾਰਨ ਕਰ ਚੁੱਕੇ ਸਨ।

ਗੁਰੂ ਰਾਮਦਾਸ ਜੀ ਪਾਸੋਂ ਮੁੜ ਗੁਰਸਿੱਖੀ ਦੀ ਅਸ਼ੀਰਵਾਦ ਪ੍ਰਾਪਤ ਕਰਕੇ ਗੁਰਮਤਿ ਦੇ ਪ੍ਰਚਾਰ ਲਈ ਉਹ ਆਗਰੇ ਚਲੇ ਗਏ ਅਤੇ ਉਥੇ ਰਹਿੰਦਿਆਂ ਰਾਜਪੂਤਾਨੇ, ਬੁਰਹਾਨਪੁਰ, ਬਿਹਾਰ, ਲਖਨਊ ਆਦਿ ਥਾਵਾਂ 'ਤੇ ਵੀ ਗੁਰਸਿੱਖੀ ਦਾ ਪ੍ਰਚਾਰ ਕਰਦੇ ਰਹੇ। ਧਰਮ ਪ੍ਰਚਾਰ ਹਿਤ ਕਸ਼ਮੀਰ ਦੀ ਯਾਤ੍ਰਾ ਵੀ ਕੀਤੀ। ਇਸ ਯਾਤ੍ਰਾ ਦੌਰਾਨ ਉਹ ਪੰਜਾਬ ਵੀ ਆਉਂਦੇ ਰਹੇ ਅਤੇ ਦਾਨੇ-ਪ੍ਰਧਾਨੇ ਗੁਰਮੁਖਾਂ ਦੀ 'ਕੰਮ ਕਰਨੀ' ਕਮੇਟੀ ਵਿਚ ਸ਼ਾਮਲ ਹੋ ਕੇ ਗੁਰੂ ਚੱਕ ਦੀ ਆਬਾਦੀ ਵਿਚ ਸੇਵਾ ਕੀਤੀ। ਅਕਬਰ ਵਲੋਂ ਆਗਰੇ ਵਿਚ ਕੀਤੇ ਗਏ 'ਸਰਬ ਧਰਮ ਸੰਮੇਲਨ' ਵਿਚ ਵੀ ਭਾਈ ਗੁਰਦਾਸ ਗੁਰੂ ਜੀ ਦੇ ਪ੍ਰਤਿਨਿਧ ਬਣ ਕੇ ਸ਼ਾਮਲ ਹੋਏ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਸੁਣ ਕੇ ਉਹ ਆਗਰੇ ਤੋਂ ਪੰਜਾਬ ਪਰਤ ਆਏ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਉਹ ਪਹਿਲਾਂ ਵਾਂਗ ਹੀ ਕ੍ਰਿਆਸ਼ੀਲ ਰਹੇ ਅਤੇ ਗੁਰਸਿੱਖੀ ਦੇ ਪ੍ਰਚਾਰ ਤੋਂ ਇਲਾਵਾ ਉਨ੍ਹਾਂ ਨੇ ਪ੍ਰਿਥੀ ਚੰਦ ਨੂੰ ਸੋਧਣ ਦਾ ਯਤਨ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਦਸਵੰਧ ਦੀ ਪ੍ਰਥਾ ਨੂੰ ਵਿਕਸਤ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਉਨ੍ਹਾਂ ਨੇ ਗੁਰਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦੇਣ ਦਾ ਕਾਰਜ ਸੰਭਾਲਿਆ ਅਤੇ ਆਦਿ ਗ੍ਰੰਥ ਲਿਖਣ ਦੀ ਸੇਵਾ ਕੀਤੀ। ਆਦਿ ਗ੍ਰੰਥ ਦੇ ਸੰਕਲਨ ਸੰਬੰਧੀ ਅਕਬਰ ਦੇ ਮਨ ਵਿਚ ਪੈਦਾ ਕੀਤੀ ਗ਼ਲਤ-ਫ਼ਹਿਮੀ ਦੂਰ ਕਰਨ ਲਈ ਭਾਈ ਗੁਰਦਾਸ, ਬਾਬਾ ਬੁੱਢਾ ਜੀ ਤੇ ਹੋਰ ਗੁਰਸਿੱਖਾਂ ਨਾਲ ਬੀੜ ਲੈ ਕੇ, ਅਕਬਰ ਪਾਸ ਗਏ ਤੇ ਉਸ ਦੇ ਸ਼ੰਕੇ ਨੂੰ ਦੂਰ ਕੀਤਾ।

ਗੁਰੂ ਹਰਗੋਬਿੰਦ ਦੀ ਸਰਪਰਸਪਤੀ ਹੇਠ ਭਾਈ ਗੁਰਦਾਸ ਨੇ ਸਿੱਖਾਂ ਨੂੰ ਸ਼ਸਤ੍ਰ ਵਿਦਿਆ ਦੇਣ ਲਈ ਹਰ ਤਰ੍ਹਾਂ ਦਾ ਸੁਚੱਜਾ ਪ੍ਰਬੰਧ ਕੀਤਾ ਅਤੇ ਗੁਰੂ ਸਾਹਿਬ ਦੇ ਬੀਰ-ਰਸੀ ਜੀਵਨ ਨੂੰ ਵੇਖ ਕੇ ਉਤਪੰਨ ਹੋਏ ਲੋਕਾਂ ਦੇ ਸ਼ੰਕਿਆਂ ਦੀ ਨਵਿਰਤੀ ਕੀਤੀ। ਸ਼ਕਤੀ ਦੇ ਪ੍ਰਤੀਕ ਅਕਾਲ ਤਖ਼ਤ ਦੀ ਸਥਾਪਨਾ ਉਪਰੰਤ ਇਸ ਦੇ ਪਹਿਲੇ ਸੇਵਾਦਾਰ ਨਿਯੁਕਤ ਹੋਏ। ਗੁਰੂ ਸਾਹਿਬ ਦੇ ਗਵਾਲੀਅਰ ਵਿਚ ਬੰਦੀ ਹੋਣ ਸਮੇਂ ਅਤੇ ਨਾਨਕ ਮੱਤੇ, ਕਸ਼ਮੀਰ ਆਦਿ ਥਾਵਾਂ ਦੀ ਯਾਤ੍ਰਾ ਸਮੇਂ ਵੀ ਭਾਈ ਸਾਹਿਬ ਨੇ ਅੰਮ੍ਰਿਤਸਰ ਦੀ ਸੇਵਾ ਤੇ ਪ੍ਰਬੰਧ ਸੰਭਾਲਿਆ। ਪ੍ਰਿਥੀ ਚੰਦ ਦੀ ਮੌਤ ਮਗਰੋਂ ਉਸ ਦੇ ਪੁੱਤ੍ਰ ਮਿਹਰਬਾਨ ਨੂੰ ਸਮਝਾਉਣ ਦਾ ਯਤਨ ਵੀ ਕੀਤਾ। ਕੁਝ ਸਮਾਂ ਸ੍ਰੀ ਹਰਿਗੋਬਿੰਦਪੁਰ ਵੀ ਰਹੇ ਅਤੇ ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਉਪਰੰਤ ਬਾਬਾ ਜੀ ਨਮਿੱਤ ਰੱਖੇ ਪਾਠ ਦਾ ਭੋਗ ਪਾਇਆ ਤੇ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਹੋਏ। ਇਸ ਸਮੇਂ ਹੀ ਭਾਈ ਸਾਹਿਬ ਦੇ ਮਨ ਵਿਚ ਸੂਖਮ ਜਹੀ ਹਉਮੈ ਆਤਮ-ਵਿਸ਼ਵਾਸ਼ ਦੇ ਰੂਪ ਵਿਚ ਪੈਦਾ ਹੋ ਗਈ ਪਰ ਗੁਰੂ ਸਾਹਿਬ ਨੇ ਯੋਗ ਵਿਧੀ ਦੁਆਰਾ ਛੇਤੀ ਹੀ ਇਸ ਦੀ ਨਵਿਰਤੀ ਕਰ ਦਿੱਤੀ। ਇਸ ਸਮੇਂ ਵੀ ਭਾਈ ਗੁਰਦਾਸ ਨੇ ਕਾਂਸ਼ੀ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਕੀਤਾ।

ਅਖ਼ੀਰ ਗੋਇੰਦਵਾਲ ਵਿਚ ਭਾਦ੍ਰੋਂ ਸੁਦੀ 8, ਸੰਮਤ 1694 ਬਿਕ੍ਰਮੀ, ਅਰਥਾਤ 17 ਅਗਸਤ, 1637 ਈਸਵੀ ਨੂੰ ਗੁਰੂ ਹਰਿਗੋਬਿੰਦ ਜੀ ਦੀ ਹਜ਼ੂਰੀ ਵਿਚ ਭਾਈ ਗੁਰਦਾਸ ਦੇ ਪ੍ਰਾਣ ਉਡਾਰੀ ਮਾਰ ਗਏ। ਗੁਰੂ ਸਾਹਿਬ ਨੇ ਆਪਣੇ ਹੱਥੀਂ ਆਪਣੇ ਪਰਮ ਪਿਆਰੇ ਗੁਰਸਿੱਖ ਦਾ ਸੱਸਕਾਰ ਕੀਤਾ ਅਤੇ ਅੰਤਿਮ ਸ਼ਰਧਾਂਜਲੀ ਅਰਪਨ ਕੀਤੀ।

2. ਭਾਈ ਗੁਰਦਾਸ ਦਾ ਵਿਅਕਤਿਤਵ ਮਹਾਨ ਤੇ ਪ੍ਰਭਾਵਸ਼ਾਲੀ ਹੈ। ਸਿੱਖ-ਜਗਤ ਵਿਚ ਉਨ੍ਹਾਂ ਦੀ ਉੱਚੀ ਤੇ ਸੁੱਚੀ ਸ਼ਖ਼ਸੀਅਤ ਦਾ ਪ੍ਰਭਾਵ ਸਦੀਵੀ ਹੈ। ਸੋਹਣੀ ਸਰੀਰਕ ਦੱਖ, ਸੰਜੀਦਾ ਪਹਿਰਾਵਾ, ਸ਼ੁੱਧ ਤੇ ਸੁੰਦਰ ਲਿਖਤ, ਬਹੁਪੱਖੀ ਤੇ ਵਿਸ਼ਾਲ ਗਿਆਨ, ਭਾਸ਼ਾ ਵਿਚ ਨਿਪੁੰਨਤਾ, ਤੀਖਣ ਯਾਦ ਤੇ ਗ੍ਰਹਿਣ ਸ਼ਕਤੀ, ਸੰਗੀਤ ਦਾ ਪ੍ਰੇਮ ਆਦਿ ਭਾਈ ਗੁਰਦਾਸ ਦੇ ਵਿਅਕਤਿਤਵ ਦੇ ਅਨਿਖੜਵੇਂ ਤੱਤ ਹਨ।

3. ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਕਾਵਿ-ਰਚਨਾ ਮਿਲਦੀ ਹੈ—ਸੰਸਕ੍ਰਿਤ ਸਲੋਕ, ਕਬਿੱਤ-ਸਵੱਯੇ ਤੇ ਵਾਰਾਂ। ਸੰਸਕ੍ਰਿਤ ਦੇ ਛੇ ਸਲੋਕਾਂ ਦੀ ਰਚਨਾ ਭਾਈ ਗੁਰਦਾਸ ਨੇ ਕਾਂਸ਼ੀ ਦੇ ਪੰਡਿਤਾਂ ਨੂੰ 'ਵਾਹਿਗੁਰੂ' ਸ਼ਬਦ ਦੀ ਮਹਾਨਤਾ ਤੋਂ ਜਾਣੂ ਕਰਵਾਉਣ ਲਈ ਕੀਤੀ। ਸੰਨ 1940 ਈਸਵੀ ਤੱਕ ਭਾਈ ਗੁਰਦਾਸ ਦੇ ਲਿਖੇ 556 ਕਬਿੱਤ-ਸਵੱਯੇ ਮਿਲਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ ਪਰ ਭਾਈ ਵੀਰ ਸਿੰਘ ਨੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਤੋਂ ਮਿਲੀ ਸੂਹ ਤੋਂ ਪ੍ਰੇਰਨਾ ਲੈ ਕੇ 119 ਕਬਿੱਤ ਹੋਰ ਲੱਭੇ ਜਿਨ੍ਹਾਂ ਨੂੰ 'ਕਬਿੱਤ ਭਾਈ ਗੁਰਦਾਸ-ਦੂਸਰਾ ਸਕੰਧ' ਨਾਂ ਹੇਠ ਪਹਿਲੀ ਵਾਰ 1940 ਈਸਵੀ ਵਿਚ ਪ੍ਰਕਾਸ਼ਤ ਕੀਤਾ । ਬ੍ਰਜ ਭਾਸ਼ਾ ਵਿਚ ਲਿਖੇ ਗਏ ਭਾਈ ਗੁਰਦਾਸ ਦੇ ਕੁੱਲ 675 ਕਬਿੱਤ-ਸਵੱਯੇ ਧਰਮ ਪ੍ਰਚਾਰ ਹਿਤ ਕੀਤੀ ਯਾਤ੍ਰਾ ਸਮੇਂ ਲਿਖੇ ਗਏ ਅਤੇ ਇਨ੍ਹਾਂ ਵਿਚ ਗੁਰਮਤਿ ਦੀ ਵਿਆਖਿਆ ਤੇ ਭਾਈ ਸਾਹਿਬ ਦੇ ਨਿੱਜੀ ਪ੍ਰੇਮ-ਅਨੁਭਵ ਦਾ ਨਿਰੂਪਣ ਹੈ । ਬ੍ਰਜ ਭਾਸ਼ਾ ਵਿਚ ਲਿਖੇ ਹੋਣ ਕਰਕੇ ਇਹ ਕਬਿੱਤ-ਸਵੱਯੇ ਬਹੁਤੇ ਪਰਚਲਿਤ ਨਹੀਂ ਹੋ ਸਕੇ । ਪੰਜਾਬੀ ਵਿਚ ਲਿਖੀਆਂ ਵਾਰਾਂ ਹੀ ਭਾਈ ਗੁਰਦਾਸ ਦੀ ਲੋਕ-ਪ੍ਰਿਯ ਕਾਵਿ-ਰਚਨਾ ਹੈ । ਚਾਲ੍ਹੀਵੀਂ ਤੇ ਇਕਤਾਲਵੀਂ ਵਾਰ ਦੇ ਕ੍ਰਿਤਿਤਵ ਸੰਬੰਧੀ ਸ਼ੰਕੇ ਦੀ ਨਵਿਰ੍ਤੀ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਚਾਲ੍ਹੀਵੀਂ ਵਾਰ ਭਾਈ ਗੁਰਦਾਸ ਦੀ ਹੀ ਕ੍ਰਿਤ ਹੈ ਪਰ ਇਕਤਾਲਵੀਂ ਵਾਰ ਕਿਸੇ ਗੁਰਦਾਸ ਸਿੰਘ ਨਾਮੀਂ ਗੁਰਸਿੱਖ ਦੀ ਰਚਨਾ ਹੈ । ਇਸ ਤਰ੍ਹਾਂ ਭਾਈ ਗੁਰਦਾਸ ਨੇ ਪੰਜਾਬੀ ਵਿਚ ਚਾਲ੍ਹੀ ਵਾਰਾਂ ਦੀ ਰਚਨਾ ਕੀਤੀ ਹੈ ।

4. ਭਾਈ ਗੁਰਦਾਸ ਦਾ ਸਮੁੱਚਾ ਚਿੰਤਨ ਵਾਰਾਂ ਵਿਚ ਗੁਰਬਾਣੀ ਦੀ ਵਿਆਖਿਆ ਦੇ ਰੂਪ ਵਿਚ ਹੀ ਵਧੇਰੇ ਨਿਖਰਿਆ ਹੈ । ਗੁਰੂ ਅਰਜਨ ਦੇਵ ਜੀ ਵੱਲੋਂ ਉਨ੍ਹਾਂ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਬਖ਼ਸ਼ਿਆ ਗਿਆ ਹੈ । ਭਾਈ ਗੁਰਦਾਸ ਨੇ ਗੁਰਬਾਣੀ ਨਾਲ ਸੰਬੰਧਿਤ ਵਿਸ਼ੇ ਲੈ ਕੇ ਉਨ੍ਹਾਂ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੂਖਮ ਭਾਵਾਂ ਤੇ ਵਿਚਾਰਾਂ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ । ਗੁਰਬਾਣੀ ਦੀ ਅਜਿਹੀ ਵਿਆਖਿਆ ਦੀ ਪਿਰਤ ਦਾ ਮੁੱਢ ਭਾਈ ਗੁਰਦਾਸ ਨੇ ਹੀ ਬੰਨ੍ਹਿਆ ਹੈ ।

ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ੇਸ਼ ਇਤਿਹਾਸਕ ਮਹੱਤਵ ਵੀ ਹੈ । ਉਨ੍ਹਾਂ ਦੀਆਂ ਵਾਰਾਂ, ਵਿਸ਼ੇਸ਼ ਤੌਰ 'ਤੇ ਪਹਿਲੀ ਵਾਰ, ਗੁਰੂ ਨਾਨਕ ਦਾ ਜੋ ਸਰੂਪ ਪ੍ਰਸਤੁਤ ਕਰਦੀਆਂ ਹਨ, ਉਹ ਕਾਫ਼ੀ ਸੰਪੂਰਨ ਹੈ ਅਤੇ ਇਹ ਵਾਰਾਂ ਗੁਰੂ ਨਾਨਕ ਦੇਵ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਮਿਲਦੇ ਹੋਰਨਾਂ ਸ੍ਰੋਤਾਂ, ਜਨਮ ਸਾਖੀਆਂ ਆਦਿ ਤੋਂ ਪੁਰਾਤਨ, ਵਧੇਰੇ ਦਰੁਸਤ ਤੇ ਭਰੋਸੇਯੋਗ ਹਨ । ਗੁਰੂ ਅੰਗਦ ਦੇਵ ਜੀ ਬਾਰੇ ਸੰਖੇਪ ਪਰਿਚਯ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਗੁਰੂ ਅਮਰ ਦਾਸ ਜੀ ਤੋਂ ਗੁਰੂ ਹਰਿਗੋਬਿੰਦ ਜੀ ਤੱਕ ਚਾਰ ਸਿੱਖ ਗੁਰੂਆਂ ਦੇ ਜੀਵਨ ਬਾਰੇ ਵੀ ਸੰਕੇਤਿਕ ਜਾਣਕਾਰੀ ਪ੍ਰਦਾਨ ਕਰਦੀਆਂ ਹਨ । ਗੁਰ-ਇਤਿਹਾਸ ਤੋਂ ਇਲਾਵਾ ਪਹਿਲੇ ਛੇ ਗੁਰੂਆਂ ਦੇ ਸਮਕਾਲੀ ਗੁਰਸਿੱਖਾਂ ਦੀ ਸੂਚੀ ਵੀ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਵਿਚ ਵਿਦਮਾਨ ਹੈ ਜਿਸ ਨੂੰ 'ਸਿੱਖ ਨਾਮਾਵਲੀ ਦਾ ਲਘੂ-ਕੋਸ਼' ਕਿਹਾ ਜਾ ਸਕਦਾ ਹੈ ।

ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚ ਵਿਦਮਾਨ ਰਾਜਸੀ ਭਾਵਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਵਿਚ ਰਾਜਨੀਤਕ ਚੇਤੰਨਤਾ ਦਾ ਬੀਜ ਗੁਰੂ ਨਾਨਕ ਕਾਲ ਵਿਚ ਹੀ ਅਸੰਤੋਸ਼ ਦੀ ਭਾਵਨਾ ਦੇ ਰੂਪ ਵਿਚ ਬੀਜਿਆ ਗਿਆ ਜੋ ਗੁਰੂ ਹਰਿਗੋਬਿੰਦ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਮੇਂ ਪ੍ਰਫੁਲਿਤ ਹੋਇਆ । ਇਸ ਤਰ੍ਹਾਂ ਸਿੱਖ ਧਰਮ ਵਿਚ ਰਾਜਨੀਤਕ ਚੇਤੰਨਤਾ ਦੇ ਉਦਗਮ ਅਤੇ ਵਿਕਾਸ ਨੂੰ ਜਾਨਣ ਲਈ ਭਾਈ ਗੁਰਦਾਸ ਦੀ ਕਾਵਿ-ਰਚਨਾ ਇਕ ਮਹੱਤਵ-ਪੂਰਨ ਸ੍ਰੋਤ ਹੈ ।

ਭਾਈ ਗੁਰਦਾਸ ਦਾ ਕੀਤਾ ਗਿਆ ਸਮਾਜਿਕ ਵਿਵੇਚਨ ਵੀ ਕਾਫ਼ੀ ਵਿਸਤ੍ਰਿਤ ਹੈ ਅਤੇ ਉਨ੍ਹਾਂ ਦੀਆਂ ਵਾਰਾਂ, ਵਿਸ਼ੇਸ਼ ਤੌਰ 'ਤੇ ਪਹਿਲੀ ਵਾਰ, ਗੁਰੂ ਨਾਨਕ ਦੇਵ ਜੀ ਦੇ ਨਿਕਟਵਰਤੀ ਸਮਾਜ ਦਾ ਭਰਪੂਰ ਚਿਤ੍ਰ ਪ੍ਰਸਤੁਤ ਕਰਦੀਆਂ ਹਨ, ਜਿਸ ਤੋਂ ਹਿੰਦੂ-ਮੁਸਲਮਾਨਾਂ ਦੀ ਖਿੱਚੋਤਾਣ ਤੇ ਰਾਜ-ਸਤਾ ਦੇ ਬਲਬੋਤੇ ਹਿੰਦੂਆਂ ਉਤੇ ਜ਼ੁਲਮ; ਹਿੰਦੂਆਂ ਤੇ ਮੁਸਲਮਾਨਾਂ ਦੀਆਂ ਵਿਰੋਧੀ ਰਹੁ-ਰੀਤਾਂ; ਹਿੰਦੂ ਧਰਮ ਵਿਚ ਅੰਧ-ਵਿਸ਼ਵਾਸ ਤੇ ਕਰਮ-ਕਾਂਡ; ਵਰਨਾਂ ਦੀ ਈਰਖਾ; ਅਨੇਕ ਪ੍ਰਕਾਰ ਦੇ ਮਤ-ਮਤਾਤ੍ਰਾਂ ਦੀ ਹੋਂਦ; ਸਿਧਾਂ ਤੇ ਨਾਥਾਂ ਦੀਆਂ ਕਰਾਮਾਤਾਂ; ਪਰਿਵਾਰਿਕ ਸੰਬੰਧਾਂ ਵਿਚ ਸਵਾਸਥ ਤੇ ਧਾਰਮਿਕ ਮਰਯਾਦਾ ਦਾ ਪੱਤਨ ਆਦਿ ਦਾ ਬੋਧ ਹੁੰਦਾ ਹੈ । ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਉਨ੍ਹਾਂ ਦੇ ਸਮਾਜਿਕ ਸੰਕਲਪ ਅਤੇ ਸਮਾਜਿਕ ਜੀਵਨ ਦੇ ਬੋਧ ਦਾ ਪਰਿਚਯਾ ਵੀ ਮਿਲਦਾ ਹੈ ।

5. ਭਾਈ ਗੁਰਦਾਸ ਦੀ ਕਾਵਿ-ਰਚਨਾ ਵਿਚੋਂ ਉਨ੍ਹਾਂ ਦੀ ਸ੍ਰੇਸ਼ਟ ਕਲਾ-ਕੁਸ਼ਲਤਾ ਦੇ ਦਰਸ਼ਨ ਹੁੰਦੇ ਹਨ । ਉਨ੍ਹਾਂ ਨੇ ਪੰਜਾਬੀ ਭਾਸ਼ਾ ਵਿਚ ਕਾਵਿ-ਸਿਰਜਨਾ ਲਈ ਪੰਜਾਬੀ ਦੇ ਪਰਚਲਿਤ ਤੇ ਲੋਕ-ਪ੍ਰਿਯ ਕਾਵਿ-ਰੂਪ 'ਵਾਰ' ਨੂੰ ਅਪਣਾਇਆ ਹੈ । ਉਨ੍ਹਾਂ ਦੀਆਂ ਵਾਰਾਂ ਅਧਿਆਤਮਿਕ ਵਾਰਾਂ ਦੀ ਸ਼੍ਰੇਣੀ ਵਿਚ ਆਉਂਦੀਆਂ ਹਨ । ਹਰ ਇਕ ਵਾਰ ਦਾ ਆਰੰਭ ਮੰਗਲਾਚਰਣ ਨਾਲ ਕੀਤਾ ਗਿਆ ਹੈ । ਜਿਸ ਵਿਚ ਪਰਮਾਤਮਾ, ਸਤਿਗੁਰੂ ਜਾਂ ਗੁਰਮੁਖ ਦੀ ਮਹਿਮਾ ਗਾਈ ਗਈ ਹੈ । ਵਾਰਾਂ ਵਿਚ ਗੁਰਮੁਖ ਤੇ ਮਨਮੁਖ, ਸੱਚ ਤੇ ਝੂਠ ਆਦਿ ਦੀ ਮਾਨਸਿਕ ਪੱਧਰ 'ਤੇ ਟੱਕਰ ਦਾ ਵਰਨਣ ਕੀਤਾ ਗਿਆ ਹੈ । ਵਾਰਾਂ ਦੀ ਰਚਨਾ ਪਉੜੀਆਂ ਵਿਚ ਕੀਤੀ ਗਈ ਹੈ ਜਿਨ੍ਹਾਂ ਦਾ ਛੰਦ ਨਿਸ਼ਾਨੀ ਤੇ ਹੰਸਗਤਿ ਹੈ । ਵਾਰਾਂ ਦੀ ਭਾਸ਼ਾ ਠੇਠ ਪੰਜਾਬੀ ਹੈ ਪਰ ਕੁਝ ਥਾਈਂ ਇਸ ਉਪਰ ਬ੍ਰਜ, ਲਹਿੰਦੀ, ਸੰਸਕ੍ਰਿਤ, ਫ਼ਾਰਸੀ ਅਤੇ ਸੰਤ-ਭਾਸ਼ਾ ਦਾ ਪ੍ਰਭਾਵ ਵੀ ਵਿਦਮਾਨ ਹੈ । ਉਨ੍ਹਾਂ ਦੀ ਕਵਿਤਾ ਸ਼ਿੰਗਾਰ ਰਸ, ਕਰੁਣਾ ਰਸ, ਬੀਰ ਰਸ, ਰੌਦਰ ਰਸ, ਹਾਸ ਰਸ, ਭਿਆਨਕ ਰਸ, ਵੀਭਤਸ ਰਸ, ਅਦ੍ਭੁਤ ਰਸ ਅਤੇ ਸ਼ਾਂਤ ਰਸ ਨਾਲ ਭਰਪੂਰ ਹੈ ਪਰ ਸ਼ਿੰਗਾਰ ਤੇ ਸ਼ਾਂਤ ਰਸ ਦੀ ਮਾਤ੍ਰਾ ਵਧੇਰੇ ਹੈ । ਭਾਈ ਗੁਰਦਾਸ ਨੇ ਆਪਣੀ ਕਾਵਿ-ਰਚਨਾ ਨੂੰ ਉਪਮਾ, ਰੂਪਕ, ਦ੍ਰਿਸ਼ਟਾਂਤ ਤੇ ਹੋਰ ਅਨੇਕਾਂ ਅਲੰਕਾਰਾਂ ਨਾਲ ਸ਼ਿੰਗਾਰਿਆ ਹੈ ਜਿਨ੍ਹਾਂ ਵਿਚੋਂ ਦ੍ਰਿਸ਼ਟਾਂਤ ਅਲੰਕਾਰ ਦਾ ਪ੍ਰਯੋਗ ਵਿਆਪਕ ਮਾਤ੍ਰਾ ਵਿਚ ਕੀਤਾ ਗਿਆ ਹੈ । ਕਾਵਿ-ਬਿੰਬ ਭਾਈ ਗੁਰਦਾਸ ਦੀ ਕਾਵਿ-ਸ਼ੈਲੀ ਦੀ ਆਤਮਾ ਹੈ ਅਤੇ ਉਨ੍ਹਾਂ ਨੇ ਬੇਸ਼ੁਮਾਰ ਬਿੰਬਾਂ ਦਾ ਪ੍ਰਯੋਗ ਕਰ ਕੇ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਰੂਪਮਾਨ ਕੀਤਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਵਿ-ਵੰਨਗੀ

ਨਮਸਕਾਰੁ ਗੁਰਦੇਵ ਕੋ...

ਨਮਸਕਾਰੁ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ।
ਭਵਜਲ ਵਿਚੋਂ ਕਢਿਕੈ ਮੁਕਤਿ ਪਦਾਰਥ ਮਾਹਿ ਸਮਾਇਆ ।
ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ ।
ਸੰਸਾ ਇਹ ਸੰਸਾਰੁ ਹੈ ਜਨਮ ਮਰਣ ਵਿਚਿ ਦੁਖੁ ਸਬਾਇਆ ।
ਜਮਦੰਡੁ ਸਿਰੋਂ ਨਾ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ ।
ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ ।
ਭਾਉ ਭਗਤਿ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ ।
ਜੇਹਾ ਬੀਉ ਤੇਹਾ ਫਲੁ ਪਾਇਆ ॥ 1/1

o

ਘਟਿ ਘਟਿ ਪੂਰਨੁ ਬ੍ਰਹਮ ਹੈ...

ਦਰਪਣਿ ਵਾਂਗ ਧਿਆਨੁ ਧਰਿ ਆਪੁ ਆਪ ਨਿਹਾਲੈ ।
ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ ।
ਗੋਰਸੁ ਗਾਈ ਵੇਖਦਾ ਘਿਉ ਦੁਧੁ ਵਿਚਾਲੈ ।
ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ ਸਮ੍ਹਾਲੈ ।
ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ ।
ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ ॥ 9/6

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਮੁ ਜਨਮੁ ਸੁ ਮਾਣਸਿ ਦੇਹੀ...

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ ।
ਅਖੀ ਵੇਖਣੁ ਕਰਨਿ ਸੁਣਿ ਮੁਖਿ ਸਭਿ ਬੋਲਣੁ ਬਚਨ ਸਨੇਹੀ ।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਭਾਇ ਕਰੇਹੀ ।
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ ।
ਗੁਰ ਭਾਈ ਸੰਤੁਸਟਿ ਕਰਿ ਚਰਣਾਮ੍ਰਿਤੁ ਲੈ ਮੁਖਿ ਪਿਵੇਹੀ ।
ਪੈਰੀ ਪਵਣੁ ਨ ਛੋਡੀਐ ਕਲਿ ਕਾਲਿ ਰਹਿਰਾਸਿ ਕਰੇਹੀ ।
ਆਪਿ ਤਰੇ ਗੁਰ ਸਿਖ ਤਰੇਹੀ ॥ 1/3

o

ਜੁਗਿ ਗਰਦੀ ਜਬ ਹੋਵਹਿ...

ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ ।
ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ ।
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨ ਗੁਬਾਰਾ ।
ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲੁ ਪਾਰਿ ਉਤਾਰਾ ।
ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ ।
ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ ।
ਚੜ੍ਹੇ ਸੂਰ ਮਿਟਿ ਜਾਇ ਅੰਧਾਰਾ ॥ 1/17

o

ਵਰਤਿਆ ਪਾਪੁ ਸਭਸਿ ਜਗ ਮਾਹੀਂ ..

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ ।
ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ ।
ਵਰਤਿਆ ਪਾਪੁ ਸਭਸਿ ਜਗ ਮਾਂਹੀ ॥ 1/30

o

ਸਤਿਗੁਰੁ ਨਾਨਕ ਪ੍ਰਗਟਿਆ...

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ।
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ।
ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਵੀ ਸਚਾ ਢੋਆ ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ 1/27

o

ਥਾਪਿਆ ਲਹਿਣਾ ਜੀਂਵਦੇ...

ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿ ਪੁਰੇ ਨੋ ਆਇਆ ।
ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ ।
ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾਂ ਦੇ ਦੁਖ ਸਬਾਇਆ ।
ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ ।
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕਿ ਰੂਪ ਵਟਾਇਆ ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ ।
ਕਾਇਆ ਪਲਟਿ ਸਰੂਪੁ ਬਣਾਇਆ ॥ 1/45

o

ਗੁਰੁ ਬੈਠਾ ਅਮਰੁ ਸਰੂਪੁ ਹੋਇ...

ਸੋ ਟਿਕਾ ਸੋ ਛਤਰੁ ਸਿਰਿ ਸੋਈ ਸਚਾ ਤਖਤੁ ਟਿਕਾਈ ।
ਗੁਰ ਨਾਨਕ ਹੁੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ ।
ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ ।
ਗੁਰੁ ਬੈਠਾ ਅਮਰੁ ਸਰੂਪੁ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ ।
ਫੇਰ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ ।
ਦਾਤਿ ਜੋਤਿ ਖਸਮੈ ਵਡਿਆਈ ॥ 1/46

o

ਬੈਠਾ ਸੋਢੀ ਪਾਤਸਾਹੁ ..

ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ ।
ਬੈਠਾ ਸੋਢੀ ਪਾਤਸਾਹੁ ਰਾਮਦਾਸੁ ਸਤਿਗੁਰੂ ਕਹਾਵੈ ।
ਪੂਰਨ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤ ਜਗਾਵੈ ।
ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ ।
ਦਿਤਾ ਲਈਐ ਆਪਣਾ ਅਣਿਦਿਤਾ ਕਛੂ ਹਥਿ ਨਾ ਆਵੈ ।
ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ ।
ਜਾਣਿ ਨ ਦੇਸਾਂ ਸੋਢਿਓ ਹੋਰਸਿ ਅਜਰੁ ਨ ਜਰਿਆ ਜਾਵੈ ।
ਘਰ ਹੀ ਕੀ ਵਥੁ ਘਰੇ ਰਹਾਵੈ ॥ 1/47

o

ਗੁਰ ਅਰਜਨੁ ਵਿਟਹੁ ਕੁਰਬਾਣੀ...

ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ ।
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ ।
ਚਰਣ ਕਮਲ ਮਿਲਿ ਭਵਰ ਜਿਉ ਸੁਖ ਸੰਪਟ ਵਿਚ ਰੈਣਿ ਵਿਹਾਣੀ ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ।
ਗੁਰ ਅਰਜਨ ਵਿਟਹੁ ਕੁਰਬਾਣੀ ॥ 24/23

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਲਿਭੰਜਨ ਗੁਰ ਸੂਰਮਾ...

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ।
ਅਰਜਨੁ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦੁ ਸਵਾਰੀ ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ ।
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਿਲਾਂ ਤਕਿ ਦਰਸੁ ਨਿਹਾਰੀ ।
ਅਗਮ ਅਚੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ।
ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ ।
ਜੁਗਿ ਜੁਗਿ ਧਰੈ ਅਵਤਾਰੀ ।। 1/48

o

ਸਤਿਗੁਰੁ ਸਚਾ ਪਾਤਿਸਾਹੁ

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨਿਆਵੇ ।
ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ ।
ਸਤਿਗੁਰੁ ਸਚੁ ਦਾਤਾਰੁ ਹੈ ਹੋਰ ਦਾਤੇ ਫਿਰਦੇ ਪਾਛਾਵੇ ।
ਸਤਿਗੁਰੁ ਕਰਤਾ ਪੁਰਖੁ ਹੈ ਕਰਿ ਕਰਤੂਤਿ ਨਿਨਾਵਨਿ ਨਾਵੇ ।
ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ ਅਵੇਸਾਹ ਉਚਾਵੇ ।
ਸਤਿਗੁਰੂ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੂੜਾਵੇ ।
ਵਿਣੁ ਸਤਿਗੁਰੁ ਸਭਿ ਨਿਗੋਸਾਵੈ ।। 15/1

o

ਸਤਿਗੁਰੁ ਤੀਰਥੁ ਜਾਣੀਐ...

ਸਤਿਗੁਰੁ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ ।
ਸਤਿਗੁਰੁ ਦੇਉ ਅਭੇਉ ਹੈ ਹੋਰੁ ਦੇਵ ਗੁਰੁ ਸੇਵ ਤਰਾਏ ।
ਸਤਿਗੁਰੁ ਪਾਰਸਿ ਪਰਸਿਐ ਲਖ ਪਾਰਸੁ ਪਾਖਾਕੁ ਸੁਹਾਏ ।
ਸਤਿਗੁਰੁ ਪੂਰਾ ਪਾਰਿਜਾਤੁ ਪਾਰਜਾਤ ਲਖ ਸਫਲਿ ਧਿਆਏ ।
ਸੁਖ ਸਾਗਰੁ ਸਤਿਗੁਰੁ ਪੁਰਖੁ ਰਤਨ ਪਦਾਰਥ ਸਿਖ ਸੁਣਾਏ ।
ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ ।
ਵਿਣੁ ਸਤਿਗੁਰ ਸਭਿ ਦੂਜੈ ਭਾਏ ।। 15/2

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਗੁਰ ਗੁਣੀ ਨਿਧਾਨੁ ਹੈ...

ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ ।
ਸਤਿਗੁਰ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ ।
ਸੁਖ ਸਾਗਰੁ ਗੁਰਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ ।
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ ।
ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ ।
ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ ।
ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ ।
ਮਾਣੁ ਨਿਮਾਣੇ ਸਦ ਬਲਿਹਾਰੇ ।। 29/19

o

ਸਤਿਗੁਰੁ ਬਾਵਨੁ ਚੰਦਨੋ...

ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ ।
ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ ।
ਸਤਿਗੁਰੂ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ ।
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ ।
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੇ ਪਰਬੀਣਾ ।
ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ ।
ਗੁਰਮੁਖਿ ਮਨ ਅਪਤੀਜੁ ਪਤੀਣਾ ।। 26/20

o

ਵਿਣੁ ਗੁਰ ਮੁਕਤਿ ਨ ਹੋਵਈ...

ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ ।
ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ ।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ ।
ਭਸਮ ਲਾਇ ਜੋ ਪਾਈਐ ਖਰੁ ਖੇਹ ਨਿਵਾਸੀ ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ ।
ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ।। 36/14

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਸਿਖੀ ਬਾਰੀਕ ਹੈ...

ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ ।
ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ ।
ਵਾਲਹੁੰ ਨਿਕੀ ਆਖੀਐ ਤੇਲੁ ਤਿਲਹੁੰ ਲੈ ਕੋਹਲੂ ਪੀੜੀ ।
ਗੁਰਮੁਖਿ ਵੰਸੀ ਪਰਮਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ ।
ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ ।
ਗੁਰਮੁਖਿ ਮਾਰਗੁ ਚਲਣਾ ਆਸ ਨਿਰਾਸੀ ਝੀੜ ਉਝੀੜੀ ।
ਸਹਜਿ ਸਰੋਵਰਿ ਸਚਖੰਡਿ ਸਾਧ ਸੰਗਤਿ ਸਚ ਤਖਤਿ ਹਰੀੜੀ ।
ਚੜ੍ਹਿ ਇਕੀਹ ਪਤਿ ਪਉੜੀਆਂ ਨਿਰੰਕਾਰੁ ਗੁਰ ਸਬਦੁ ਸਹੀੜੀ ।
ਗੁੰਗੈ ਦੀ ਮਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ ।
ਗੁਰਮੁਖਿ ਫਲੁ ਸੁਖੁ ਸਹਿਜ ਅਲੀੜੀ ।। 11/5

o

ਸੁਖ ਸਾਗਰੁ ਹੈ ਸਾਧ ਸੰਗੁ...

ਸੁਖ ਸਾਗਰੁ ਹੈ ਸਾਧਸੰਗੁ ਸੋਭਾ ਲਹਿਰ ਤਰੰਗ ਅਤੋਲੇ ।
ਮਾਣਕ ਮੋਤੀ ਹੀਰਿਆ ਗੁਰ ਉਪਦੇਸੁ ਅਵੇਸੁ ਅਮੋਲੇ ।
ਰਾਗ ਰਤਨ ਅਨਹਦ ਧੁਨੀ ਸਬਦਿ ਸੁਰਤਿ ਲਿਵ ਅਗਮ ਅਲੋਲੇ ।
ਰਿਧਿ ਸਿਧਿ ਨਿਧਿ ਸਭ ਗੋਲੀਆਂ ਚਾਰਿ ਪਦਾਰਥ ਗੋਇਲ ਗੋਲੇ ।
ਲਖ ਲਖ ਚੰਦ ਚਰਾਗਚੀ ਲਖ ਲਖ ਅੰਮ੍ਰਿਤ ਪੀਚਨਿ ਝੋਲੇ ।
ਕਾਮਧੇਨੁ ਲਖ ਪਾਰਿਜਾਤ ਜੰਗਲ ਅੰਦਰਿ ਚਰਨਿ ਅਡੋਲੇ ।
ਗੁਰਮੁਖਿ ਸੁਖੁ ਫਲੁ ਬੋਲ ਅਬੋਲੇ ।। 12/20

o

ਗੁਰਮੁਖਿ ਪੰਥੁ ਅਗੰਮੁ ਹੈ...

ਗੁਰਮੁਖਿ ਪੰਥੁ ਅਗੰਮੁ ਹੈ ਜਿਉ ਜਲ ਅੰਦਰਿ ਮੀਨੁ ਚਲੰਦਾ ।
ਗੁਰਮੁਖਿ ਖੋਜੁ ਅਲਖੁ ਹੈ ਜਿਉ ਪੰਖੀ ਆਗਾਸ ਉਡੰਦਾ ।
ਸਾਧ ਸੰਗਤਿ ਰਹਰਾਸਿ ਹੈ ਰਰਿ ਚੰਦਉਰੀ ਨਗਰੁ ਵਸੰਦਾ ।
ਚਾਰਿ ਵਰਨ ਤੰਬੋਲ ਰਸੁ ਪਿਰਮ ਪਿਆਲੈ ਰਾਗ ਕਰੰਦਾ ।
ਸਬਦ ਸੁਰਤਿ ਲਿਵ ਲੀਣੁ ਹੋਇ ਚੰਦਨ ਵਾਸ ਨਿਵਾਸ ਕਰੰਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆਣ ਧਿਆਨੁ ਸਿਮਰਣੁ ਜੁਗਤਿ ਕੂੰਜਿ ਕੂਰਮ ਹੰਸ ਵੰਸ ਵਧੰਦਾ ।
ਗੁਰਮੁਖਿ ਸੁਖੁ ਫਲੁ ਅਲਖੁ ਲਖੰਦਾ ॥ 16/13

o

ਗੁਰਮੁਖਿ ਪੰਥੁ ਸੁਹੇਲੜਾ...

ਗੁਰਮਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ ।
ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ ।
ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖ ਫਿਰਿ ਫਿਰਿ ਜਨਮਿ ਮਰੰਦੇ ।
ਗੁਰਮੁਖਿ ਸੁਖ ਫਲੁ ਪਾਇਦੇ ਮਨਮੁਖਿ ਦੁਖ ਫਲੁ ਦੁਖ ਲਹੰਦੇ ।
ਗੁਰਮਖਿ ਦਰਗਹ ਸਰਖੁਰੂ ਮਨਮੁਖਿ ਜਮ ਪੁਰਿ ਡੰਡੁ ਸਹੰਦੇ ।
ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ ।
ਬੰਦੀ ਅੰਦਰਿ ਵਿਰਲੇ ਬੰਦੇ ॥ 5/15

o

ਪੀਰ ਮੁਰੀਦਾ ਪਿਰਹੜੀ...

ਲੈਲਾ ਮਜਨੂੰ ਆਸਕੀ ਚਹੁ ਚਕੀ ਜਾਤੀ ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ ।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ॥ 27/1

o

ਆਪੇ ਆਪਿ ਵਰਤਦਾ...

ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ ।
ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ ।
ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ ।
ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਰਿ ਭਤਾਰ ਪਿਆਰੁ ਹੈ ਮਾਂ ਪੁਤੁ ਮਿਲੰਦਾ ।
ਆਪੇ ਆਪਿ ਵਰੱਤਦਾ ਗੁਰਮੁਖਿ ਪਰਚੰਦਾ ॥ 2/17

o

ਗੁਰ ਸਿਖ ਇੱਕੋ ਹੋਇ...

ਗੁਰ ਸਿਖੁ ਸਿਖੁ ਗੁਰ ਸੋਇ ਅਲਖੁ ਲਖਾਖਿਆ ।
ਗੁਰ ਦੀਖਿਆ ਲੈ ਸਿਖਿ ਸਿਖੁ ਸਦਾਇਆ ।
ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ ।
ਹੀਰਾ ਕਣੀ ਪਰੋਇ ਹੀਰੁ ਬਿਧਾਇਆ ।
ਜਲ ਤਰੰਗੁ ਅਵਲੋਇ ਸਲਿਲ ਸਮਾਇਆ ।
ਜੋਤੀ ਜੋਤਿ ਸਮੋਇ ਦੀਪੁ ਦੀਪਾਇਆ ।
ਅਚਰਜ ਅਚਰਜੁ ਢੋਇ ਚਲਿਤੁ ਬਣਾਇਆ ।
ਦੁਧਹੁੰ ਦਹੀ ਵਿਲੋਇ ਘਿਉ ਕਢਾਇਆ ।
ਇਕੁ ਚਾਨਣੁ ਤ੍ਰਿਹੁ ਲੋਇ ਪ੍ਰਗਟੀ ਆਇਆ ॥ 3/11

o

ਗੁਰਮੁਖਿ ਸਹਿਜ ਸਭਾਉ...

ਸਾਧ ਸੰਗਤਿ ਭਉ ਭਾਉ ਸੁਹਜ ਬੈਰਾਗੁ ਹੈ ।
ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ ।
ਮਧੁਰ ਬਚਨ ਆਲਾਉ ਹਉਮੈ ਤਿਆਗੁ ਹੈ ।
ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗੁ ਹੈ ।
ਪਿਰਮ ਪਿਆਲੇ ਸਾਉ ਮਸਤਕਿ ਭਾਗੁ ਹੈ ।
ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ ।
ਅੰਤਰਿ ਗੁਰਮਿਤ ਚਾਉ ਅਲਿਪਤੁ ਅਦਾਗੁ ਹੈ ।
ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ ॥ 3/13

o

ਗੁਰਮੁਖਿ ਹੰਸਾ ਢਾਲ...

ਗੁਰਮੁਖਿ ਸਬਦ ਸਮ੍ਹਾਲ ਸੁਰਤਿ ਸਮਾਲੀਐ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ ।
ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ ।
ਗੁਰਮੁਖਿ ਦੀਨ ਦਇਆਲੁ ਹੇਤੁ ਹਿਆਲੀਐ ।
ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ ।
ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ ।
ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ ॥ 3/14

o

ਘਰਿਬਾਰੀ ਗੁਰਸਿਖਿ ਤਿਵਾਹੀ...

ਬਾਵਨ ਚੰਦਨ ਆਖੀਐ ਬਹਲੇ ਬਿਸੀਅਰੁ ਤਿਸੁ ਲਪਟਾਹੀ ।
ਪਾਰਸੁ ਅੰਦਰਿ ਪਥਰਾ ਪਥਰ ਪਾਰਸੁ ਹੋਇ ਨ ਜਾਹੀ ।
ਮਣੀ ਜਿਨ੍ਹਾਂ ਸਪਾਂ ਸਿਰੀਂ ਓਇ ਭਿ ਸਪਾਂ ਵਿਚਿ ਫਿਰਾਹੀ ।
ਲਹਰੀ ਅੰਦਰਿ ਹੰਸੁਲੇ ਮਾਣਕ ਮੋਤੀ ਚੁਗਿ ਚੁਗਿ ਖਾਹੀ ।
ਜਿਉਂ ਜਲਿ ਕਵਲ ਅਲਿਪਤੁ ਹੈ ਘਰਿਬਾਰੀ ਗੁਰਸਿਖ ਤਿਵਾਹੀ ।
ਆਸਾ ਵਿਚਿ ਨਿਰਾਸੁ ਹੋਇ ਜੀਵਨੁ ਮੁਕਤਿ ਜੁਗਤਿ ਜੀਵਾਹੀ ।
ਸਾਧ ਸੰਗਤਿ ਕਿਤੁ ਮੁਹਿ ਸਾਲਾਹੀ ॥ 6/15

o

ਆਪੁ ਗਵਾਇ ਨ ਆਪੁ ਗਣਾਈ...

ਲਹੁੜੀ ਹੋਇ ਚੀਚੁੰਗਲੀ ਪੈਧੀ ਛਾਪਿ ਮਿਲੀ ਵਡਿਆਈ ।
ਲਹੁੜੀ ਘਨਹਰ ਬੂੰਦ ਹੁਇ ਪਰਗਟੁ ਮੋਤੀ ਸਿਪ ਸਮਾਈ ।
ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ ।
ਲਹੁੜੀ ਪਾਰਸ ਪਥਰੀ ਅਸਟ ਧਾਤੁ ਕੰਚਨੁ ਕਰਵਾਈ ।
ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ ।
ਜਾਣਿ ਰਸਾਇਣੁ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ ।
ਆਪੁ ਗਵਾਇ ਨ ਆਪੁ ਗਣਾਈ ॥ 4/4

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਖਿ ਪਰਾਈਆਂ ਚੰਗੀਆਂ...

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ ।
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ ।
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ ।
ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਵਾਣੈ ।
ਗੁਰਮੁਖਿ ਸੁਖਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ ।
ਸਾਧ ਸੰਗਤਿ ਵਿਟਹੁ ਕੁਰਬਾਣੈ । 29/11

o

ਤਿਉ ਜਗ ਅੰਦਰਿ ਬੇਮੁਖਾਂ...

ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ ।
ਸਭ ਕੋ ਸਰਸਾ ਵਰਸਦੈ ਝੂਰੈ ਜੋਲਾਹਾ ।
ਸਭਨਾ ਰਾਤਿ ਮਿਲਾਵੜਾ ਚਕਵੀ ਦੋਰਾਹਾ ।
ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ ।
ਰਾਹਹੁ ਉਝੜਿ ਜੋ ਪਵੈ ਮੁਸੈ ਦੇ ਫਾਹਾ ।
ਤਿਉਂ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ ।। 34/5

o

ਬੇਮੁਖ ਸੁਖੁ ਨ ਦੇਖਈ...

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ ।
ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ ।
ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ ।
ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ ।
ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ ।
ਬੇਮੁਖ ਸੁਖੁ ਦੇਖਈ ਜਿਉ ਛੁਟੜਿ ਛਉੜੀ ।। 34/6

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੋਟੀ ਸੰਗਤਿ ਮੀਣਿਆ...

ਕੈਹਾ ਦਿਸੈ ਉਜਲਾ ਮਸੁ ਅੰਦਰਿ ਚਿਤੈ ।
ਹਰਿਆ ਤਿਲੁ ਬੂਆੜ ਜਿਉ ਫਲੁ ਕੰਮ ਨ ਕਿਤੈ ।
ਜੇਹੀ ਕਲੀ ਕਨੇਰਿ ਦੀ ਮਨਿ ਤਨਿ ਦੁਹੁ ਭਿਤੇ ।
ਪੇਝੂ ਦਿਸਨਿ ਰੰਗੁਲੇ ਮਰੀਐ ਅਗਲਿਤੈ ।
ਖਰੀ ਸੁਆਲਿਓ ਵੇਸੁਆ ਜੀਅ ਬਝਾ ਇਤੈ ।
ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ । 36/5

o

ਦੁਖੀਆ ਦੁਸਟੁ ਦੁਬਾਜਰਾ...

ਦੁਖੀਆ ਦੁਸਟੁ ਦੁਬਾਜਰਾ ਸਪੁ ਦੁਮੂਹਾ ਬੁਰਾ ਬੁਰਿਆਈ ।
ਸਭਦੂੰ ਮੰਦੀ ਸਪ ਜੋਨਿ ਸਪਾਂ ਵਿਚਿ ਕੁਜਾਤਿ ਕੁਭਾਈ ।
ਕੋੜੀ ਹੋਆ ਗੋਪਿ ਗੁਰ ਨਿਗੁਰੇ ਤੰਤੁ ਨ ਮੰਤੁ ਸੁਖਾਈ ।
ਕੋੜੀ ਹੋਵੈ ਲੜੈ ਜਿਸ ਵਿਗੜ ਰੂਪਿ ਹੋਇ ਮਰਿ ਸਹਮਾਈ ।
ਗੁਰਮੁਖਿ ਮਨਮੁਖਿ ਬਾਹਰਾ ਲਾਤੋ ਲਾਵਾ ਲਾਇ ਬੁਝਾਈ ।
ਤਿਸੁ ਵਿਹੁ ਵਾਤਿ ਕੁਲਾਤਿ ਮਨਿ ਅੰਦਰਿ ਗਣਤੀ ਤਾਤਿ ਪਰਾਈ ।
ਸਿਰ ਚਿਥੈ ਵਿਹੁ ਬਾਣਿ ਨ ਜਾਈ ॥ 33/8

o

ਭਾਏ ਭੁਈਂ ਅਕਿਰਤਘਣ...

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ ।
ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ ।
ਨਾ ਤਿਸੁ ਭਾਰੇ ਤਰੁਵਰਾਂ ਵਲ ਸੁਫਲ ਫਲੰਦੇ ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ ।
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥ 35/8

o

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਤਾ ਰਾਜਿ ਬਹਾਲੀਐ ..

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ ।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ ।
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ ।
ਚੋਆ ਚੰਦਨੁ ਧਰਿਹਰੈ ਖਰੁ ਖੇਹ ਪਲਟੈ ।
ਤਿਉ ਨਿੰਦਕੁ ਪਰਨਿੰਦਹੂ ਹਥਿ ਮੂਲਿ ਨ ਹਟੈ ।।
ਆਪਣ ਹਥੀਂ ਆਪਣੀ ਜੜ ਆਪਿ ਉਪਟੈ । 35/1

o

ਸਿੱਖੁ ਸਿਦਕੁ ਨ ਹਾਰੈ...

ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ ।
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨਾ ਮਾਰੈ ।
ਜੇ ਪਿਰੁ ਬਹੁ ਘਰੁ ਹੰਡਣਾ ਸਤੁ ਰਖੈ ਨਾਰੈ ।
ਅਮਰੁ ਚਲਾਵੈ ਚੰਮ ਧੇ ਚਾਕਰ ਵੇਚਾਰੇ ।
ਜੇ ਮਦੁ ਖੀਤਾ ਬਾਹਣੀ ਲੋਇ ਲੁਝਣਿ ਸਾਰੇ ।
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ।। 35/20

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਸੂਚੀ

ਪੰਜਾਬੀ

ਅਤਰ ਸਿੰਘ ਡਾ., 'ਦ੍ਰਿਸ਼ਟੀਕੋਣ', ਲਾਹੌਰ ਬੁੱਕ ਸ਼ਾਪ, ਲੁਧਿਆਣਾ 1963.

'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, 1975.

'ਆਲੋਚਨਾ ਦੀਆਂ ਪ੍ਰਣਾਲੀਆਂ', (ਡਾ. ਪ੍ਰੇਮ ਪ੍ਰਕਾਸ਼ ਸਿੰਘ ਤੇ ਹੋਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਸਰਦੂਲ ਸਿੰਘ, 'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1961.

ਸਤਿਬੀਰ ਸਿੰਘ, 'ਗੁਰੂ ਹਰਿਗੋਬਿੰਦ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਸੀਤਲ, ਜੀਤ ਸਿੰਘ, ਡਾ., 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ', ਭਾਗ ਪਹਿਲਾ, ਪੈਪਸੂ ਬੁਕ ਡਿਪੂ, ਪਟਿਆਲਾ, 1973.

ਸੇਖੋਂ, ਸੰਤ ਸਿੰਘ, 'ਭਾਈ ਗੁਰਦਾਸ—ਇਕ ਅਧਿਐਨ', ਲਾਹੌਰ ਬੁਕ ਸ਼ਾਪ, ਲੁਧਿਆਣਾ, 1975.

ਸੰਤੋਖ ਸਿੰਘ, ਭਾਈ, 'ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ', (ਸੰਪਾ. ਭਾਈ ਵੀਰ ਸਿੰਘ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ਦੂਜੀ ਵਾਰ, 1936.

'ਕਬਿੱਤ-ਸਵੱਯੇ ਭਾਈ ਗੁਰਦਾਸ ਜੀ', ਰਾਏ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ, 923.

'ਕਬਿੱਤ ਭਾਈ ਗੁਰਦਾਸ', ਦੂਸਰਾ ਸਕੰਧ, (ਸੰਪਾ. ਭਾਈ ਵੀਰ ਸਿੰਘ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ਤੀਜੀ ਵਾਰ, 1966.

ਕਰਤਾਰ ਸਿੰਘ, 'ਸਿੱਖ ਇਤਿਹਾਸ' ਭਾਗ ਦੂਜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ, 1971.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨ੍ਹ ਸਿੰਘ ਨਾਭਾ, 'ਗੁਰਸ਼ਬਦ ਰਤਨਾਕਰ' ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੁਨਰ ਛਾਪ, 1960.

———, 'ਗੁਰਮਤ ਸੁਧਾਕਰ' ਭਾਸ਼ਾ ਵਿਭਾਗ, ਪੰਜਾਬ, ਪਟਿਆਲ, ਚੌਥਾ ਐਡੀਸ਼ਨ, 1970.

ਕੁਸ਼ਤਾ, ਮੌਲਾ ਬਖ਼ਸ਼, 'ਪੰਜਾਬ ਦੇ ਹੀਰੇ', ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, 1950.

ਕੋਹਲੀ, ਸੁਰਿੰਦਰ ਸਿੰਘ, ਡਾ., 'ਪੰਜਾਬੀ ਸਾਹਿਤ ਦਾ ਇਤਿਹਾਸ', ਲਾਹੌਰ ਬੁੱਕ ਸ਼ਾਪ, ਲੁਧਿਆਣਾ, ਚੌਥਾ ਐਡੀਸ਼ਨ, 1955.

———, ਤੇ ਸ. ਸ. ਉਪਲ, ਡਾ., 'ਪੰਜਾਬੀ ਸਾਹਿਤ ਬਾਰੇ', ਨੈਸ਼ਨਲ ਬੁਕ ਸ਼ਾਪ, ਦਿੱਲੀ, 1957.

ਗਿਆਨ ਸਿੰਘ, ਗਿਆਨੀ, 'ਤਵਾਰੀਖ਼ ਗੁਰੂ ਖ਼ਾਲਸਾ', ਹਿੱਸਾ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੂਜੀ ਵਾਰ, 1970.

———, 'ਪੰਥ ਪ੍ਰਕਾਸ਼', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

'ਗੁਰਬਿਲਾਸ ਪਾਤਿਸ਼ਾਹੀ 6,' ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

'ਚੰਗੇਰ', (ਸੰਪਾ. ਮੋਹਨ ਸਿੰਘ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1959.

ਛਿੱਬਰ, ਕੇਸਰ ਸਿੰਘ, 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ', (ਸੰਪਾ. ਡਾ. ਰਤਨ ਸਿੰਘ ਜੱਗੀ), 'ਪਰਖ' ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1972.

'ਜਨਮਸਾਖੀ ਅਧਿਐਨ', (ਸੰਪਾ. ਕਿਰਪਾਲ ਸਿੰਘ ਕੋਮਲ), ਬ੍ਰਿਜਿੰਦਰ ਕਾਲਿਜ, ਫ਼ਰੀਦਕੋਟ, 1970.

ਜੋਧ ਸਿੰਘ, ਭਾਈ, 'ਸ੍ਰੀ ਕਾਰਤਾਰਪੁਰੀ ਬੀੜ ਦੇ ਦਰਸ਼ਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਜੱਗੀ, ਰਤਨ ਸਿੰਘ, ਡਾ., 'ਗੁਰੂ ਨਾਨਕ ਦੀ ਵਿਚਾਰਧਾਰਾ', ਨਵਯੁਗ ਪਬਲਿਸ਼ਰਜ਼, ਦਿੱਲੀ, 1969.

———, 'ਗੁਰੂ ਨਾਨਕ ਬਾਣੀ', ਮਦਾਨ ਪਬਲਿਸ਼ਰਜ਼, ਪਟਿਆਲਾ, 1968.

———, 'ਭਾਈ ਗੁਰਦਾਸ'—'ਜੀਵਨੀ ਤੇ ਰਚਨਾ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਤਿਵਾੜੀ, ਵਿਸ਼ਵਾ ਨਾਥ', ਡਾ., 'ਕਰਾਂਤੀਕਾਰੀ ਗੁਰੂ ਨਾਨਕ,' ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

ਦੀਪ, ਦਲੀਪ ਸਿੰਘ, ਡਾ., 'ਭਾਈ ਗੁਰਦਾਸ ਦੀ ਪਹਿਲੀ ਵਾਰ', (ਇਕ ਆਲੋਚਨਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਮਕ ਅਤੇ ਤੁਲਨਾਤਮਕ ਅਧਿਐਨ), ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਣ ।

ਦੀਵਾਨ ਸਿੰਘ, ਡਾ., 'ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1968.

ਪਦਮ ਪਿਆਰਾ ਸਿੰਘ, 'ਆਦਿ ਗੁਰੂ ਗ੍ਰੰਥ ਦੀ ਵਡਿਆਈ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ ।

ਪ੍ਰੇਮ ਪ੍ਰਕਾਸ਼ ਸਿੰਘ, ਡਾ., 'ਸਾਹਿੱਤ ਵਿਵੇਚਨ', ਨਿਉ ਬੁੱਕ ਕੰਪਨੀ, ਜਲੰਧਰ, 1966.

———, 'ਪੰਜਾਬੀ ਬੋਲੀ ਦਾ ਨਿਵਾਸ ਤੇ ਵਿਕਾਸ', ਭਾਗ ਦੂਜਾ ਤੇ ਤੀਜਾ, ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ ।

'ਪੁਰਾਣਾ ਮਾਖਿਓ,, (ਸੰਪਾ. ਹਰਨਾਮ ਸਿੰਘ ਸ਼ਾਨ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1961.

'ਪੁਰਾਤਨ ਜਨਮਸਾਖੀ', (ਸੰਪਾ. ਭਾਈ ਵੀਰ ਸਿੰਘ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ਛੇਵੀਂ ਵਾਰ, 1967.

'ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿੱਤ ਦਾ ਇਤਿਹਾਸ', (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973.

'ਪੰਜਾਬੀ ਸਾਹਿੱਤ ਦਾ ਇਤਿਹਾਸ', ਭਾਗ ਪਹਿਲਾ, (ਸੰਪਾ. ਕਿਰਪਾਲ ਸਿੰਘ ਕਸੇਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੂਜਾ ਐਡੀਸ਼ਨ, 1971.

ਬੇਦੀ, ਕਾਲਾ ਸਿੰਘ, ਡਾ., 'ਵਾਰਕਾਰ ਗੁਰੂ ਨਾਨਕ', ਪੰਜਾਬੀ ਬੁਕ ਸਟੋਰ, ਦਿੱਲੀ, 1968.

'ਭਾਈ ਗੁਰਦਾਸ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1969.

ਮਨੀ ਸਿੰਘ, ਭਾਈ, 'ਜਨਮ ਸਾਖੀ ਬਾਬੇ ਨਾਨਕ ਜੀ ਕੀ', ਚਿਰਾਗ਼ ਦੀਨ ਸਿਰਾਜ ਦੀਨ, ਲਾਹੌਰ, 1947, (ਪ੍ਰਸਿਧ ਨਾਂ "ਗਿਆਨ ਰਤਨਾਵਲੀ") ।

ਰਾਜਿੰਦਰ ਕੌਰ, 'ਭਾਈ ਗੁਰਦਾਸ ਦੀਆਂ ਵਾਰਾਂ'—'ਇਕ ਸਾਹਿੱਤਕ ਅਧਿਐਨ', ਨਿਊ ਬੁੱਕ ਕੰਪਨੀ, ਜਲੰਧਰ, 1971.

ਰੂਪ, ਹਰਿੰਦਰ ਸਿੰਘ, 'ਭਾਈ ਗੁਰਦਾਸ', ਹਿੰਦ ਪਬਲਿਸ਼ਰਜ਼ ਲਿਮਟਿਡ, ਅੰਮ੍ਰਿਤਸਰ, 1952.

ਲਾਲ ਸਿੰਘ, ਗਿਆਨੀ (ਸੰਗਰੂਰ), ਸਿਖ ਫ਼ਿਲਾਸਫ਼ੀ (ਗੁਰਦਾਸ ਦਰਸ਼ਨ), ਲੇਖਕ ਦੁਆਰਾ ਪ੍ਰਕਾਸ਼ਿਤ, 1950.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਵਾਰਾਂ ਭਾਈ ਗੁਰਦਾਸ'—'ਸਟੀਕ', (ਟੀਕਾਕਾਰ: ਗਿ, ਹਜ਼ਾਰਾ ਸਿੰਘ, ਸੰਪਾ. ਭਾਈ ਵੀਰ ਸਿੰਘ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ, ਅਠਵੀਂ ਵਾਰ, 1972.

'ਵਾਰਾਂ ਭਾਈ ਗੁਰਦਾਸ', 'ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼', (ਸੰਪਾ. ਡਾ. ਰਤਨ ਸਿੰਘ ਜੱਗੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.

'ਵਾਰਾਂ ਭਾਈ ਗੁਰਦਾਸ ਜੀ', (ਸੰਪਾ. ਅਮਰ ਸਿੰਘ 'ਚਾਕਰ'), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ, 1964.

'ਵਾਰਾਂ ਭਾਈ ਗੁਰਦਾਸ ਜੀ ਦਾ ਤੁਕ-ਤਤਕਰਾ', (ਸੰਪਾ. ਕਰਤਾਰ ਸਿੰਘ), ਲੇਖਕ ਦੁਆਰਾ ਪ੍ਰਕਾਸ਼ਿਤ, ਜਲੰਧਰ, 1963.

ਵੀਰ ਸਿੰਘ, ਭਾਈ 'ਸ੍ਰੀ ਅਸ਼ਟ ਗੁਰੂ ਚਮਤਕਾਰ', ਭਾਗ 2, ਖ਼ਾਲਸਾ ਸਮਾਚਾਰ, ਅੰਮ੍ਰਿਤਸਰ 1968.

'41 ਵਾਰਾਂ ਭਾਈ ਗੁਰਦਾਸ'—'ਸਟੀਕ', (ਟੀਕਾਕਾਰ : ਪੰਡਿਤ ਨਰੈਣ ਸਿੰਘ ਗਿਆਨੀ), ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, 1914.

ਰਸਾਲੇ

'ਖੋਜ ਦਰਪਣ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ;
ਜਨਵਰੀ 1974. ਅੰਕ ।

'ਗੁਰਮਤਿ ਪ੍ਰਕਾਸ਼', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ;
ਜਨਵਰੀ 1974 ਅੰਕ ।

'ਪਰਖ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ;
ਜਿਲਦ ਸੰਨ 1972.

'ਪੰਜਾਬੀ ਦੁਨੀਆਂ' ਭਾਸ਼ਾ ਵਿਭਾਗ, ਪੰਜਾਬ, ਪਟਿਆਲਾ;
ਅਕਤੂਬਰ 1973, ਫਰਵਰੀ 1974 ਅੰਕ ।

ENGLISH

Banerjee, Indubhushan, 'Evolution of the Khalsa', Vol, I., A. Mukherjee and Co. (Pvt.) Ltd., Calcutta, Third Edition, 1972,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Cunninghem, Joseph Devey, 'A History of the Sikhs, S. Chand & Co. (Pvt.) Ltd., New Delhi, Indian Reprint, 1972.

Farquhar, J N., 'An Outline of the Religious Literature of India, Moti Lal Banarsi Dass, Delhi. First Indian Reprint, 1967.

Grewal, 'J.S, Dr., 'Guru Nanak in History', Punjab University, Chandigarh, 1969,

ısl wari Prasad, 'History of Mediaeval India', The Indian Press (Publications) Pvt. Ltd., Allahabad, 1970.

Khtshwant Singh, 'A History of the Sikhs', Princeton University Press, London, 1963.

Kohli, Surinder Singh, Dr., 'Sikh Ethics', Munshiram Manohar Lal Publishers (Pvt.) Ltd., Delhi, 1972.

———, 'Traveis of Guru Nanak', Punjab University, Chandigarh, 1969.

Lewis, C. Day, 'The Poetic Image', Jonathan Cape, London, Reprinted 1968.

Mcleod, W.H. 'Guru Nanak and the Sikh Religion, Oxford University Press, London, 1968.

Narang, Gokul Chand, Sir, 'Transformation of Sikhism'. New Book Society of India, New Delhi, Fifth Edition, 1960.

8300

Nijjar Bakhshish Singh, Dr.,'Punjab Under the Great Mughals, Thacker & Co. Ltd., Bombay, 1968.

'Punjab History Conference', (Ed. Fauja Singh & Arora, A.C.), Fourth Session, (March 14-15, 1969), Proceedings (papers on Guru Nanak), Pun)abi University, Patala, 1970.

Sewa Ram Singh, 'The Divine Master', Raisahib M. Gulab SIngh & Sons Lahore, 1930.

पुस्तकालय गुरुकुल कांगड़ी विश्वविद्यालय

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class on
Cat on
T
Ch
Any
30/11/83

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

ra Samaj Foundation Chenna

ਭਾਈ ਗੁਰਦਾਸ ਜੀਵਨ, ਚਿੰਤਨ ਤੇ ਕਲਾ ਹਰਨੇਕ ਸਿੰਘ ਕੋਮਲ

Domain. Gurukul Kangri Colle